| ਜਮਾਤ : ਛੇਵੀਂ ਵਿਸ਼ਾ : ਪੰਜਾਬੀ ਅਕਤੂਬਰ ਤੋਂ ਫਰਵਰੀ | | | |
|---|---|---|---|
| **ਮਹੀਨਾ** | **ਅਧਿਆਇ** | **ਉਦੇਸ਼** | **ਕਿਰਿਆਵਾਂ** |
| ਅਕਤੂਬਰ | ਪਾਠ-3<br>ਮਹਾਤਮਾ ਗਾਂਧੀ | ਮਹਾਤਮਾ ਗਾਂਧੀ ਜੀ ਦੇ ਜੀਵਨ ਤੋਂ ਪ੍ਰੇਰਨਾ ਦੇ ਕੇ ਬੱਚਿਆਂ ਨੂੰ ਸੱਚ ਅਤੇ ਅਹਿੰਸਾ ਦੇ ਗੁਣਾਂ ਦਾ ਧਾਰਨੀ ਬਣਾਉਣਾ। | ਵਿਦਿਆਰਥੀਆਂ ਨੂੰ ਮਹਾਤਮਾ ਗਾਂਧੀ ਜੀ ਦੇ ਬਾਂਦਰਾਂ ਦੀਆਂ ਮੂਰਤੀਆਂ ਦਾ ਰੂਪ ਧਾਰਨ ਅਤੇ ਸਿੱਖਿਆ ਉਚਾਰਨ ਲਈ ਕਹਿਣਾ। |
| | ਪਾਠ-4<br>ਦੇਸ਼ ਪੰਜਾਬ ਕਵਿਤਾ | ਕਵਿਤਾ ਨੂੰ ਪੂਰਨ ਹਾਵ-ਭਾਵ ਅਨੁਸਾਰ ਪੜ੍ਹਾਉਣਾ, ਪੰਜਾਬ ਅਤੇ ਪੰਜਾਬੀ ਸੱਭਿਆਚਾਰ ਦੇ ਪਹਿਲੂਆਂ ਨੂੰ ਜਾਨਣ ਦੇ ਯੋਗ ਬਣਾਉਣਾ। | ਪੰਜਾਬ ਦੇ ਦਰਿਆਵਾਂ ਦੀ ਸੂਚੀ ਅਤੇ ਨਿਖੜਵੇਂ ਵਿਸ਼ੇਸ਼ ਸੱਭਿਆਚਾਰਕ ਤੱਥਾਂ ਦੀ ਸੂਚੀ ਬਣਾਉਣਾ। |
| | ਪਾਠ-6<br>ਬਾਬਾ ਬੁੱਢਾ ਜੀ | ਬਾਬਾ ਬੁੱਢਾ ਜੀ ਦੇ ਬਾਲਪਨ ਤੋਂ ਪ੍ਰੇਰਨਾ ਦੇ ਕੇ ਸੂਝ ਤੇ ਦਲੀਲ ਭਰਪੂਰ ਵਿਚਾਰਾਂ ਦੇ ਹਾਨੀ ਬਣਾਉਣਾ। | ਨੇੜੇ ਦੇ ਜਾਨਣ ਵਾਲੇ ਕਿਸੇ ਧਾਰਮਿਕ ਵਿਅਕਤੀ/ਬਜ਼ੁਰਗਾਂ ਦੇ ਜੀਵਨ ਜਾਂ ਘਟਨਾ ਬਾਰੇ ਲਿਖਣ ਜਾਂ ਸੁਣਾਉਣ ਲਈ ਕਹਿਣਾ। |
| | ਲੇਖ:-<br>ਦੁਸ਼ਹਿਰਾ | ਵਿਦਿਆਰਥੀਆਂ ਅੰਦਰ ਨੇਕੀ ਦੀ ਬਦੀ ਤੇ ਜਿੱਤ ਨੂੰ ਦਰਸਾਉਂਦਿਆਂ ਸੱਚਾਈ ਦੀ ਜਿੱਤ ਦੀ ਭਾਵਨਾ ਨੂੰ ਪ੍ਰਬਲ ਕਰਨਾ। | ਦੁਸ਼ਹਿਰੇ ਸੰਬੰਧੀ ਖੇਤਰੀ ਮੇਲਿਆਂ ਦੀਆਂ ਤਸਵੀਰਾਂ ਇਕੱਤਰ ਕਰਵਾਉਣੀਆਂ। |
| | ਪੱਤਰ:-<br>ਸੈਕਸ਼ਨ ਬਦਲਣ ਲਈ ਮੁੱਖ ਅਧਿਆਪਕ ਜੀ ਨੂੰ ਬਿਨੈ ਪੱਤਰ | ਵਿਹਾਰਕ ਜ਼ਿੰਦਗੀ ਵਿੱਚ ਬਿਨੈ-ਪੱਤਰ ਲਿਖਣ ਯੋਗ ਬਣਾਉਣਾ। | ਹੋਰ ਵਿਸ਼ਿਆਂ ਦੇ ਨਾਲ ਸੰਬੰਧਿਤ ਪੱਤਰ ਲਿਖਣ ਦਾ ਅਭਿਆਸ ਕਰਨ ਲਈ ਕਹਿਣਾ। |
| | ਪੱਤਰ:-<br>ਚਾਚਾ ਜੀ ਵੱਲੋਂ ਜਨਮ ਦਿਨ ਦੇ ਤੋਹਫੇ ਲਈ ਧੰਨਵਾਦ ਪੱਤਰ। | ਵਿਦਿਆਰਥੀਆਂ ਨੂੰ ਵਿਹਾਰਿਕ ਜ਼ਿੰਦਗੀ ਵਿੱਚ ਪੱਤਰ ਲਿਖਣ ਦੇ ਯੋਗ ਬਣਾਉਣਾ। | ਹੋਰ ਵਿਸ਼ਿਆਂ ਦੇ ਨਾਲ ਸੰਬੰਧਿਤ ਪੱਤਰ ਲਿਖਣ ਦਾ ਅਭਿਆਸ ਕਰਨ ਲਈ ਕਹਿਣਾ। |
| | ਵਿਆਕਰਨ:-<br>ਬਹੁ-ਆਰਥਕ ਸ਼ਬਦ | ਵਿਦਿਆਰਥੀਆਂ ਦੀ ਸ਼ਬਦਾਵਲੀ ਵਿੱਚ ਵਾਧਾ ਕਰਦੇ ਹੋਏ ਸ਼ਬਦਾਂ ਦੇ ਨਵੇਂ-ਨਵੇਂ ਅਰਥਾਂ ਤੋਂ ਜਾਣੂ ਕਰਵਾਉਣਾ। | ਵੱਖ-ਵੱਖ ਵਸਤੂਆਂ ਜਾਂ ਸਥਿਤੀਆਂ ਰਾਹੀਂ ਅਰਥ ਸਪਸ਼ਟ ਕਰਨੇ। |
| | ਸਮਾਨਾਰਥਕ ਸ਼ਬਦ | ਸ਼ਬਦਾਵਲੀ ਦੇ ਗਿਆਨ ਵਿੱਚ ਵਾਧਾ ਕਰਦੇ ਹੋਏ ਸ਼ਬਦਾਂ ਦੇ ਅਰਥ ਪੱਖੋਂ ਗਿਆਨ ਨੂੰ ਸਥਾਈ ਕਰਨਾ। | ਪਾਣੀ, ਅਕਾਸ਼ ਆਦਿ ਹੋਰ ਸੰਭਵ ਉਦਾਹਰਨਾਂ ਪੇਸ਼ ਕਰਕੇ ਵਿਦਿਆਰਥੀਆਂ ਕੋਲੋਂ ਬਲੈਕ ਬੋਰਡ ਤੇ ਇਨ੍ਹਾਂ ਦੇ ਵੱਖ-ਵੱਖ ਨਾਵਾਂ ਦੀ ਸੂਚੀ ਬਣਾਉਣਾ। |
| ਨਵੰਬਰ | ਪਾਠ-14<br>ਆਲੋਕ ਸੁਖੀ, ਗੁਆਂਢੀ ਦੁਖੀ! ਨਾ ਬਈ ਨਾ! | ਵਿਦਿਆਰਥੀਆਂ ਅੰਦਰ ਚੰਗੇ ਸਮਾਜਿਕ ਗੁਣ, ਦੂਜਿਆਂ ਦੇ ਦੁੱਖ-ਸੁੱਖ ਦਾ ਖਿਆਲ, ਹਮਦਰਦੀ, ਸੇਵਾ ਭਾਵ ਦੇ ਗੁਣਾਂ ਨੂੰ ਅਪਨਾਉਣ ਦੇ ਯੋਗ ਬਣਾਉਣਾ। | ਵਿਦਿਆਰਥੀਆਂ ਕੋਲੋਂ ਆਪਣੇ ਦਾਦਾ-ਦਾਦੀ ਦੀ ਸੇਵਾ ਜਾਂ ਤੰਗ ਕਰਨ ਦੀ ਘਟਨਾ ਦੀ ਦਲੀਲ ਭਰਪੂਰ ਵਿਆਖਿਆ ਕਰਨਾ। |
| | ਪਾਠ-15<br>ਤਿੰਨ ਇਨਕਲਾਬੀ ਸ਼ਹੀਦ ਭਗਤ ਸਿੰਘ ਰਾਜਗੁਰੂ ਤੇ ਸੁਖਦੇਵ | ਦੇਸ਼ ਭਗਤੀ ਦੇ ਜਜ਼ਬੇ ਸੰਬੰਧੀ ਪ੍ਰੇਰਨਾ ਦਿੰਦੇ ਹੋਏ ਆਜ਼ਾਦੀ ਲਈ ਇਨਕਲਾਬੀਆਂ ਦੇ ਜੀਵਨ ਤੋਂ ਸਿੱਖਿਆ ਪ੍ਰਾਪਤ ਕਰਨਾ। | ਸ਼ਹੀਦਾਂ ਦੇ ਜੀਵਨ-ਘਟਨਾਵਾਂ ਵਿੱਚੋਂ ਕਿਸੇ ਘਟਨਾ ਦਾ ਨਾਟਕੀ ਰੁਪਾਂਤਰ ਕਰਵਾਉਣਾ। |

| | | | |
|---|---|---|---|
| | ਪਾਠ-17<br>ਝੀਲ, ਪਸ਼ੂ-ਪੰਛੀ ਅਤੇ ਬੱਚੇ | ਵਿਦਿਆਰਥੀਆਂ ਅੰਦਰ ਆਪਣੇ ਆਲੇ-ਦੁਆਲੇ ਵਿਚਰਨ ਵਾਲੇ ਪੰਛੀਆਂ ਲਈ ਸਨੇਹ, ਦੇਖਭਾਲ, ਸਾਂਝ ਦੀ ਭਾਵਨਾ ਪੈਦਾ ਕਰਨੀ। | ਵਿਦਿਆਰਥੀਆਂ ਨੂੰ ਨੇੜੇ ਕਿਸੇ ਸੰਭਵ ਸਥਾਨ ਅਤੇ ਝੀਲ ਦੀ ਸੈਰ ਕਰਵਾਈ ਜਾਵੇ, ਜਿੱਥੇ ਪੰਛੀਆਂ ਦੀ ਆਮਦ ਹੋਵੇ। |
| | ਲੇਖ:-<br>ਦੀਵਾਲੀ | ਵਿਦਿਆਰਥੀਆਂ ਨੂੰ ਦੀਵਾਲੀ ਦੇ ਇਤਿਹਾਸ ਬਾਰੇ ਜਾਣੂ ਕਰਵਾਉਣਾ। | ਦੀਵਾਲੀ ਨਾਲ਼ ਸੰਬੰਧਿਤ ਪ੍ਰਚੱਲਿਤ ਚੰਗੀਆਂ ਅਤੇ ਬੁਰੀਆਂ ਗੱਲਾਂ ਦਾ ਨਿਖੇੜਾ ਕਰਵਾਉਣਾ। |
| | ਲੇਖ:-<br>ਸ੍ਰੀ ਗੁਰੂ ਨਾਨਕ ਦੇਵ ਜੀ | ਵਿਦਿਆਰਥੀਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਉਨ੍ਹਾਂ ਦੁਆਰਾ ਦਿੱਤੀ ਸਿੱਖਿਆ ਨੂੰ ਧਾਰਨ ਕਰਨ ਦੇ ਯੋਗ ਬਣਾਉਣਾ। | ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ਼ ਸੰਬੰਧਿਤ ਕਿਸੇ ਸੁਣੀ ਸਾਖੀ ਬਾਰੇ ਲਿਖਣ ਲਈ ਕਹਿਣਾ। |
| | ਪੱਤਰ:-<br>ਦੋਸਤ ਦੇ ਪ੍ਰੀਖਿਆ ਵਿੱਚ ਪਾਸ ਹੋਣ ਤੇ ਵਧਾਈ ਪੱਤਰ | ਵਿਹਾਰਕ ਜ਼ਿੰਦਗੀ ਵਿੱਚ ਪੱਤਰ ਲਿਖਣ ਦੀ ਕਾਬਲੀਅਤ ਪੈਦਾ ਕਰਨੀ। | ਹੋਰ ਵਿਸ਼ਿਆਂ ਦੇ ਨਾਲ਼ ਸੰਬੰਧਿਤ ਪੱਤਰ ਲਿਖਣ ਦਾ ਅਭਿਆਸ ਕਰਨ ਲਈ ਕਹਿਣਾ। |
| | ਵਿਆਕਰਨ:-<br>ਵਿਰੋਧਾਰਥਕ ਸ਼ਬਦ | ਸ਼ਬਦਾਂ ਦੇ ਉਲਟ ਭਾਵੀ ਸ਼ਬਦ ਅਰਥਾਂ ਰਾਹੀਂ ਸ਼ਬਦ ਭੰਡਾਰ ਵਿੱਚ ਵਾਧਾ ਕਰਨਾ। | ਵਿਦਿਆਰਥੀ ਦੇ ਸਹਿਯੋਗ ਨਾਲ਼ ਸੂਚੀ ਬਣਾਕੇ ਵਿਰੋਧੀ ਸ਼ਬਦਾਂ ਦੀ ਰਚਨਾ ਕਰਨਾ। |
| | ਬਹੁਤੇ ਸ਼ਬਦਾਂ ਦੀ ਥਾਂ ਇਕ ਸ਼ਬਦ | ਵਿਦਿਆਰਥੀਆਂ ਅੰਦਰ ਢੁੱਕਵੀਂ ਸ਼ਬਦਾਵਲੀ ਅਤੇ ਸੰਖੇਪਤਾ ਦੇ ਗੁਣਾਂ ਨੂੰ ਵਿਕਸਤ ਕਰਨਾ। | ਬਲੈਕ ਬੋਰਡ ਜਾਂ ਤਸਵੀਰਾਂ ਰਾਹੀਂ, ਭਾਸ਼ਾ ਖੇਡਾਂ ਦੀ ਵਰਤੋਂ ਨਾਲ਼ ਵਿਦਿਆਰਥੀਆਂ ਦੀ ਅਨੁਕਿਰਿਆ ਪ੍ਰਾਪਤ ਕਰਨੀ। |
| ਦਸੰਬਰ | ਪਾਠ-18<br>ਸੜਕੀ ਦੁਰਘਟਨਾਵਾਂ ਤੋਂ ਬਚਾਅ | ਵਿਦਿਆਰਥੀਆਂ ਅੰਦਰ ਸੜਕ ਸੁਰੱਖਿਆ ਨਿਯਮਾਂ ਦੀ ਪਾਲਣਾ ਅਤੇ ਵਿਹਾਰਕ ਜ਼ਿੰਦਗੀ ਵਿੱਚ ਇਨ੍ਹਾਂ ਨਿਯਮਾਂ ਦੀ ਲੋੜ ਨੂੰ ਉਜਾਗਰ ਕਰਨਾ। | ਸੜਕੀ ਦੁਰਘਟਨਾਵਾਂ ਤੋਂ ਬਚਾਅ ਲਈ ਸਰਕਾਰ ਦੁਆਰਾ ਕੀਤੇ ਉਪਰਾਲਿਆਂ ਦੀ ਸੂਚੀ ਬਣਾਉਣਾ। ਨਾਟਕੀ ਢੰਗ ਨਾਲ਼ ਯਾਤਾਯਾਤ ਦੇ ਨਿਯਮ ਸਮਝਾਏ ਜਾਣ। |
| | ਪਾਠ-19<br>ਤਿੰਨ ਸਵਾਲ | ਵਿਦਿਆਰਥੀਆਂ ਅੰਦਰ ਸਮੇਂ ਦੀ ਸੰਭਾਲ਼, ਉਚਿਤ ਵਰਤੋਂ ਲਈ ਅਨੁਸ਼ਾਸਨ ਦੇ ਭਾਵਾਂ ਨੂੰ ਵਿਕਸਿਤ ਕਰਨਾ। | ਵਿਦਿਆਰਥੀਆਂ ਨੂੰ ਦਿਨ ਭਰ ਦੀਆਂ ਗਤੀਵਿਧੀਆਂ ਦੀ ਇੱਕ ਸਮਾਂ-ਸਾਰਨੀ ਤਿਆਰ ਕਰਨ ਲਈ ਕਿਹਾ ਜਾਵੇ। |
| | ਪਾਠ-20<br>ਧਰਤੀ ਦਾ ਗੀਤ | ਕਵਿਤਾ ਵਿਚਲੇ ਭਾਵ ਨੂੰ ਦਰਸਾਉਂਦੇ ਹੋਏ ਵਿਦਿਆਰਥੀਆਂ ਅੰਦਰ ਕਵਿਤਾ ਉਚਾਰਨ ਨੂੰ ਪੂਰੇ ਹਾਵ-ਭਾਵ ਨਾਲ਼ ਕਰਨ ਦੇ ਯੋਗ ਬਣਾਉਣਾ। | ਵਿਦਿਆਰਥੀਆਂ ਨੂੰ ਕਵਿਤਾ ਪੂਰੇ ਹਾਵ-ਭਾਵ ਅਨੁਸਾਰ ਸਹੀ ਉਚਾਰਣ ਨਾਲ਼ ਯਾਦ ਕਰਵਾਉਣਾ ਅਤੇ ਬਾਲ ਸਭਾ ਵਿੱਚ ਗਾਉਣ ਲਈ ਪ੍ਰੇਰਣਾ। |
| | ਲੇਖ:-<br>ਅਤਿ ਸਰਦੀ ਦਾ ਇੱਕ ਦਿਨ | ਵਿਦਿਆਰਥੀਆਂ ਨੂੰ ਆਪਣੇ ਅਨੁਭਵਾਂ ਨੂੰ ਸ਼ਬਦਾਂ ਵਿੱਚ ਲਿਖਣ ਯੋਗ ਬਣਾਉਣਾ। | ਵਿਦਿਆਰਥੀਆਂ ਤੋਂ ਅਜਿਹੇ ਕਿਸੇ ਹੋਰ ਅਨੁਭਵ ਬਾਰੇ ਪੁੱਛਣਾ ਜਾਂ ਲਿਖਵਾਉਣਾ। |
| | ਪੱਤਰ:-<br>ਦੋਸਤ ਦੇ ਜਨਮ ਦਿਨ ਤੇ ਵਧਾਈ ਪੱਤਰ | ਆਪਣੇ ਅਨੁਭਵਾਂ ਨੂੰ ਸ਼ਬਦਾਂ ਵਿੱਚ ਲਿਖਣ ਦੇ ਕਾਬਿਲ ਬਣਾਉਣਾ। | ਹੋਰ ਵਿਸ਼ਿਆਂ ਦੇ ਨਾਲ਼ ਸੰਬੰਧਿਤ ਪੱਤਰ ਲਿਖਣ ਦਾ ਅਭਿਆਸ ਕਰਨ ਲਈ ਕਹਿਣਾ। |
| | ਕਹਾਣੀ:-<br>ਹੰਕਾਰੀ ਬਾਰਾਂਸਿੰਗਾ | ਵਿਦਿਆਰਥੀਆਂ ਨੂੰ ਹੰਕਾਰ ਅਤੇ ਇਸਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਉਣਾ। | ਵਿਸ਼ੇ ਨਾਲ਼ ਮਿਲਦੀ-ਜੁਲਦੀ ਕੋਈ ਹੋਰ ਕਹਾਣੀ ਸੁਣਾਉਣ ਲਈ ਕਹਿਣਾ। |
| | ਕਹਾਣੀ:-<br>ਲਾਲਚ ਬੁਰੀ ਬਲਾ ਹੈ | ਵਿਦਿਆਰਥੀਆਂ ਵਿੱਚ ਲਾਲਚ ਨਾ ਕਰਨ ਅਤੇ ਇਸ ਤੋਂ ਬਚਣ ਦੀ ਸਮਰੱਥਾ ਪੈਦਾ ਕਰਨਾ। | ਕਹਾਣੀ ਸਬੰਧੀ ਵਿਦਿਆਰਥੀਆਂ ਤੋਂ ਤਸਵੀਰਾਂ ਬਣਾਉਣਾ ਜਾਂ ਇਸ ਤਰ੍ਹਾਂ ਦੀ ਹੀ ਕੋਈ ਹੋਰ ਕਹਾਣੀ ਸੁਣਾਉਣ ਲਈ ਕਹਿਣਾ। |
| | ਵਿਆਕਰਣ:- | ਸ਼ੁੱਧ ਲਿਖਣ ਦੀ ਪ੍ਰੇਰਨਾ ਸਦਕਾ | ਵਿਸ਼ਰਾਮ ਚਿੰਨ੍ਹਾਂ ਦੀ ਤਿਆਰ ਸੂਚੀ ਵਿੱਚੋਂ ਦਿੱਤੇ |

| | | | |
|---|---|---|---|
| | ਵਿਸ਼ਰਾਮ ਚਿੰਨ੍ਹ | ਵਿਸ਼ਰਾਮ ਚਿੰਨ੍ਹਾਂ ਦੀ ਪਹਿਚਾਣ ਅਤੇ ਵਰਤੋਂ ਕਰਨ ਦੀ ਯੋਗਤਾ ਪੈਦਾ ਕਰਨੀ। | ਵਾਕਾਂ ਵਿੱਚ ਢੁੱਕਵੇਂ ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਦਾ ਅਭਿਆਸ ਕਰਵਾਉਣਾ। |
| | ਮੁਹਾਵਰੇ:- 21 ਤੋਂ 30 ਤੱਕ (ਵਿਆਕਰਨ ਦੀ ਪਾਠ ਪੁਸਤਕ ਵਿੱਚੋਂ) | ਮੁਹਾਵਰਿਆਂ ਦੇ ਲੁਕਵੇਂ ਅਰਥਾਂ ਦੇ ਸੰਦਰਭ ਤੱਕ ਜਾਣਾ ਅਤੇ ਵਿਵਹਾਰਿਕ ਜ਼ਿੰਦਗੀ ਵਿੱਚ ਮੁਹਾਵਰਿਆਂ ਨੂੰ ਵਰਤਣ ਦੀ ਸਮਰੱਥਾ ਪੈਦਾ ਕਰਨੀ। | ਪੜ੍ਹਾਏ ਮੁਹਾਵਰਿਆਂ ਦੀ ਵਰਤੋਂ ਲਈ ਭਿੰਨ-ਭਿੰਨ ਸਥਿਤੀਆਂ ਪੈਦਾ ਕਰਨੀਆਂ ਅਤੇ ਨਵੇਂ ਵਾਕ ਬਣਾਉਣ ਲਈ ਕਹਿਣਾ। |
| ਜਨਵਰੀ | ਪਾਠ-21 ਪਿੰਡ ਇਉਂ ਬੋਲਦੈ | ਪੇਂਡੂ ਸੱਭਿਆਚਾਰ ਬਾਰੇ ਅਤੇ ਪਿੰਡਾਂ ਦੀ ਬਣਤਰ ਅਤੇ ਰਹਿਣ-ਸਹਿਣ ਬਾਰੇ ਜਾਣਕਾਰੀ ਦੇਣਾ। ਪੇਂਡੂ ਜੀਵਨ ਨੂੰ ਸਮਝਣਯੋਗ ਬਣਾਉਣਾ। | ਵਿਦਿਆਰਥੀਆਂ ਤੋਂ ਉਨ੍ਹਾਂ ਦੇ ਪਿੰਡ ਦੀਆਂ ਵਿਸ਼ੇਸ਼ਤਾਵਾਂ ਲਿਖਣ ਲਈ ਕਹਿਣਾ। |
| | ਪਾਠ-23 ਹਾਕੀ ਖਿਡਾਰਨ: ਅਜਿੰਦਰ ਕੌਰ | ਵਿਦਿਆਰਥੀਆਂ ਅੰਦਰ ਖੇਡ ਭਾਵਨਾ ਪੈਦਾ ਕਰਨ ਦੇ ਨਾਲ਼-ਨਾਲ਼ 'ਜੀਵਨੀ' ਨੂੰ ਸਮਝਣ ਯੋਗ ਬਣਾਉਣਾ। | ਵਿਦਿਆਰਥੀਆਂ ਨੂੰ ਕਿਸੇ ਵੀ ਪਸੰਦੀਦਾ ਖਿਡਾਰੀ ਬਾਰੇ ਲਿਖਣ ਲਈ ਪ੍ਰੇਰਿਤ ਕਰਨਾ। |
| | ਪਾਠ-24 ਵੱਡੇ ਕੰਮ ਦੀ ਭਾਲ਼ | ਭਾਈ ਘਨੱਈਆ ਜੀ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਸੇਵਾ ਭਾਵਨਾ ਪੈਦਾ ਕਰਨੀ, ਰੈਡ ਕਰਾਸ ਅਤੇ ਹੋਰ ਸਮਾਜ ਸੇਵੀ ਸੰਸਥਾਵਾਂ ਤੋਂ ਜਾਣੂ ਕਰਵਾਉਣਾ। | ਮੁੱਢਲੀ ਸਹਾਇਤਾ ਦਾ ਅਭਿਆਸ ਅਤੇ ਸਮਾਜ ਸੇਵਾ ਦੇ ਕੰਮ ਕਰਨ ਲਈ ਪ੍ਰੇਰਿਤ ਕਰਨਾ। |
| | ਲੇਖ:- (1) ਲੋਹੜੀ (2) 26 ਜਨਵਰੀ- ਗਣਤੰਤਰ ਦਿਵਸ | ਵਿਦਿਆਰਥੀਆਂ ਨੂੰ ਲੋਹੜੀ ਅਤੇ ਗਣਤੰਤਰ ਦਿਵਸ ਬਾਰੇ ਜਾਣੂ ਕਰਵਾਉਣਾ। | ਵਿਦਿਆਰਥੀਆਂ ਵੱਲੋਂ ਮਨਾਏ ਗਏ ਲੋਹੜੀ ਦੇ ਤਿਉਹਾਰ ਨੂੰ ਆਪਣੇ ਸ਼ਬਦਾਂ ਵਿੱਚ ਲਿਖਣ ਲਈ ਕਹਿਣਾ। |
| | ਪੱਤਰ:- ਭਰਾ ਦੇ ਵਿਆਹ ਲਈ ਦੋਸਤ ਨੂੰ ਸੱਦਾ-ਪੱਤਰ। | ਚਿੱਠੀ-ਪੱਤਰਾਂ ਰਾਹੀਂ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਅਨੁਭਵਾਂ ਨੂੰ ਲਿਖਤੀ ਰੂਪ ਦੇਣਾ। | ਹੋਰ ਵਿਸ਼ਿਆਂ ਨਾਲ ਸੰਬੰਧਿਤ ਪੱਤਰ ਲਿਖਣ ਲਈ ਕਹਿਣਾ। |
| | (1) ਲਿੰਗ (2) ਵਚਨ (3) ਮੁਹਾਵਰੇ 31 ਤੋਂ 40 ਤੱਕ | ਵਿਦਿਆਰਥੀਆਂ ਦੇ ਸ਼ਬਦ ਗਿਆਨ ਭੰਡਾਰ ਵਿੱਚ ਵਾਧਾ ਕਰਨਾ। | ਲਿੰਗ, ਵਚਨ ਅਤੇ ਮੁਹਾਵਰਿਆਂ ਨੂੰ ਆਪਣੇ ਤਰੀਕੇ ਨਾਲ ਬਣਾਉਣ ਲਈ ਕਹਿਣਾ। |
| ਫਰਵਰੀ | ਪਾਠ-26 ਫੁੱਲਾਂ ਦਾ ਸੁਨੇਹਾ | ਕਵਿਤਾ ਉਚਾਰਨ ਦੇ ਸਹੀ ਤਰੀਕੇ ਦੱਸਣਾ। | ਵੱਖ-ਵੱਖ ਤਰ੍ਹਾਂ ਦੇ ਫੁੱਲਾਂ ਦੀ ਸੂਚੀ ਬਣਾਉਣ ਲਈ ਕਹਿਣਾ। |
| | ਲੇਖ:- ਮੇਰੇ ਪਿਤਾ ਜੀ | ਮਾਤਾ-ਪਿਤਾ ਦੇ ਸਮਾਜਿਕ ਰੁਤਬੇ ਬਾਰੇ ਜਾਣੂ ਕਰਵਾਉਣਾ। | ਇਸੇ ਤਰ੍ਹਾਂ ਦੇ ਹੀ ਹੋਰ ਲੇਖ ਲਿਖਣ ਲਈ ਪ੍ਰੇਰਿਤ ਕਰਨਾ। |
| | ਬਿਨੈ ਪੱਤਰ:- ਮੈਚ ਦੇਖਣ ਜਾਣ ਦੀ ਇਜ਼ਾਜਤ ਲੈਣ ਲਈ ਮੁੱਖ ਅਧਿਆਪਕ ਨੂੰ ਬਿਨੈ-ਪੱਤਰ। | ਵਿਹਾਰਿਕ ਜ਼ਿੰਦਗੀ ਵਿੱਚ ਕਿਸੇ ਨੂੰ ਪੱਤਰ ਜਾਂ ਬਿਨੈ-ਪੱਤਰ ਲਿਖਣ ਦੀ ਕਾਬਲੀਅਤ ਪੈਦਾ ਕਰਨਾ। | ਕਿਸੇ ਹੋਰ ਵਿਸ਼ੇ 'ਤੇ ਬਿਨੈ-ਪੱਤਰ ਲਿਖਣ ਲਈ ਕਹਿਣਾ। |
| | ਕਹਾਣੀ:- ਸ਼ੇਰ ਤੇ ਚੂਹੀ | ਵਿਦਿਆਰਥੀਆਂ ਅੰਦਰ ਇਕਾਗਰ ਚਿੱਤ ਹੋ ਕੇ ਸੁਣਨ ਸਮਰੱਥਾ ਦੇ ਗੁਣਾਂ ਦਾ ਵਿਕਾਸ ਕਰਨਾ। | ਕੋਈ ਹੋਰ ਕਹਾਣੀ ਲਿਖਣ ਜਾਂ ਸੁਣਾਉਣ ਲਈ ਕਹਿਣਾ। |
| | ਵਿਆਕਰਨ:- (1) ਸ਼ਬਦ ਜੋੜ (ਸ਼ੁੱਧ-ਅਸ਼ੁੱਧ) | ਵਿਦਿਆਰਥੀਆਂ ਨੂੰ ਸ਼ੁੱਧ ਲਿਖਣ-ਪੜ੍ਹਨਯੋਗ ਬਣਾਉਣਾ। | ਵਿਦਿਆਰਥੀਆਂ ਨੂੰ ਕੁੱਝ ਅਸ਼ੁੱਧ ਸ਼ਬਦ ਦੇ ਕੇ ਉਨ੍ਹਾਂ ਨੂੰ ਸ਼ੁੱਧ ਕਰਨ ਲਈ ਕਹਿਣਾ। |

| ਜਮਾਤ : ਸੱਤਵੀਂ | ਵਿਸ਼ਾ : ਪੰਜਾਬੀ | ਅਕਤੂਬਰ ਤੋਂ ਫਰਵਰੀ | |
|---|---|---|---|
| ਮਹੀਨਾ | ਅਧਿਆਇ | ਉਦੇਸ਼ | ਕਿਰਿਆਵਾਂ |
| ਅਕਤੂਬਰ | ਪਾਠ-7<br>ਆਓ ਖੇਡੀਏ ਪੀਲ੍ਹ-ਪਲਾਂਘੜਾ | ਵਿਦਿਆਰਥੀਆਂ ਨੂੰ ਪੁਰਾਤਨ, ਵਿਸਰ ਚੁੱਕੀਆਂ ਖੇਡਾਂ ਬਾਰੇ ਜਾਣੂ ਕਰਵਾਉਣਾ। | ਪੁਰਾਤਨ ਖੇਡਾਂ ਬਾਰੇ ਕੋਈ ਲੇਖ ਲਿਖਣ ਲਈ ਦੇਣਾ। |
| | ਪਾਠ-9<br>ਸਮੇਂ ਦੀ ਬਹਾਰ | ਕਵਿਤਾ ਨੂੰ ਲੈਅ ਵਿੱਚ ਬੋਲਣਯੋਗ ਬਣਾਉਣਾ। | ਘਰ ਤੋਂ ਜ਼ੁਬਾਨੀ ਯਾਦ ਕਰਨ ਲਈ ਕਹਿਣਾ। |
| | ਪਾਠ-11<br>ਘੜੇ ਦਾ ਪਾਣੀ | ਵਿਦਿਆਰਥੀਆਂ ਨੂੰ ਪੰਜਾਬੀ ਸਭਿਆਚਾਰ ਦੇ ਅੰਗਾਂ/ਵਸਤਾਂ ਤੋਂ ਜਾਣੂ ਕਰਵਾਉਣਾ। | ਵਿਦਿਆਰਥੀਆਂ ਨੂੰ ਘੜੇ ਨਾਲ ਸੰਬੰਧਿਤ (ਲਾਇਬਰੇਰੀ ਦੀ ਸਹਾਇਤਾ ਨਾਲ਼) ਲੋਕ ਗੀਤ/ ਤੁਕਾਂ ਇਕੱਠੀਆਂ ਕਰਨ ਅਤੇ ਲਿਖਣ/ਸੁਣਾਉਣ ਲਈ ਕਹਿਣਾ। |
| | ਲੇਖ:-<br>(1) ਮਹਾਤਮਾ ਗਾਂਧੀ<br>(2) ਟ੍ਰੈਫਿਕ ਸਪਤਾਹ | ਲੇਖ ਰਾਹੀਂ ਮਹਾਤਮਾ ਗਾਂਧੀ ਦਾ ਦੇਸ ਦੀ ਅਜ਼ਾਦੀ ਵਿੱਚ ਯੋਗਦਾਨ ਅਤੇ ਟ੍ਰੈਫਿਕ ਨਿਯਮਾਂ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਉਣਾ। | ਦੇਸ਼ ਦੀ ਅਜ਼ਾਦੀ ਨਾਲ ਸੰਬੰਧਿਤ ਕਿਸੇ ਹੋਰ ਦੇਸ਼ ਭਗਤਾਂ ਦੀਆਂ ਤਸਵੀਰਾਂ ਇਕੱਠੀਆਂ ਕਰਨ ਲਈ ਕਹਿਣਾ। |
| | ਪੱਤਰ:-<br>ਆਪਣੇ ਪਿਤਾ ਜੀ ਨੂੰ ਵਿਦਿਅਕ ਟੂਰ ਦਾ ਹਾਲ, ਇੱਕ ਪੱਤਰ ਰਾਹੀਂ ਲਿਖੋ। | ਆਪਣੇ ਟੂਰ ਦੇ ਅਨੁਭਵਾਂ ਨੂੰ ਪੱਤਰ ਰਾਹੀਂ ਪਿਤਾ ਜੀ ਜਾਂ ਦੋਸਤਾਂ ਨਾਲ ਸਾਂਝੇ ਕਰਨਾ। | ਅਜਿਹੇ ਹੀ ਕਿਸੇ ਹੋਰ ਅਨੁਭਵ ਨੂੰ ਜਮਾਤ ਵਿੱਚ ਸਾਂਝੇ ਕਰਨ ਲਈ ਕਹਿਣਾ। |
| | ਕਹਾਣੀ:-<br>ਖਰਗੋਸ਼ ਤੇ ਕੱਛੂ ਕੁੰਮਾ | ਕਹਾਣੀ ਰਾਹੀਂ ਬੱਚਿਆਂ ਨੂੰ ਹੰਕਾਰ ਦੇ ਮਾੜੇ ਨਤੀਜਿਆਂ ਬਾਰੇ ਜਾਣੂ ਕਰਵਾਉਣਾ। | ਇਸ ਹੀ ਤਰ੍ਹਾਂ ਦੀ ਕੋਈ ਹੋਰ ਕਹਾਣੀ ਸੁਣਾਉਣ ਲਈ ਕਹਿਣਾ। |
| | ਵਿਆਕਰਨ:-<br>ਸ਼ਬਦ ਜੋੜ, ਕਾਲ ਵੰਡ।<br>ਮੁਹਾਵਰੇ:- ਕ ਤੋਂ ਟ ਤੱਕ (ਵਿਆਕਰਨ ਦੀ ਪੁਸਤਕ ਵਿੱਚੋਂ) | ਵਿਆਕਰਨ ਦਾ ਪੰਜਾਬੀ ਭਾਸ਼ਾ ਵਿੱਚ ਮਹੱਤਵ ਅਤੇ ਸ਼ੁੱਧ ਪੰਜਾਬੀ ਬੋਲਣ ਲਿਖਣ ਦੀ ਯੋਗਤਾ ਪੈਦਾ ਕਰਨਾ। | ਸਥੂਲ ਵਸਤਾਂ ਰਾਹੀਂ ਨਵੇਂ-ਨਵੇਂ ਸ਼ਬਦਾਂ ਦੀ ਸੰਰਚਨਾ ਦੀ ਸੂਚੀ ਬਣਾਉਣ ਲਈ ਕਹਿਣਾ। |
| ਨਵੰਬਰ | ਪਾਠ-13<br>ਵਿਹਲਾ | ਵਿਦਿਆਰਥੀਆਂ ਅੰਦਰ ਰਚਨਾਤਮਕਤਾ ਦਾ ਗੁਣ ਪੈਦਾ ਕਰਨਾ। | ਵਿਦਿਆਰਥੀਆਂ ਨੂੰ ਕਿਸੇ ਸੁਣੇ ਵਿਅੰਗ ਨਾਲ਼ ਸੰਬੰਧਿਤ ਰਚਨਾ ਕਰਨ ਲਈ ਕਹਿਣਾ। |
| | ਪਾਠ-14<br>ਸ਼ਾਬਾਸ਼! ਸੁਮਨ | ਲਿਖਣ ਅਤੇ ਬੋਲਣ ਵਿੱਚ ਮੌਲਿਕਤਾ ਲਿਆਉਣੀ। | ਵਿਦਿਆਰਥੀਆਂ ਨੂੰ ਆਪਣੇ ਯਾਤਰਾ ਅਨੁਭਵਾਂ ਨੂੰ ਬੋਲਕੇ/ਲਿਖਕੇ ਪ੍ਰਗਟ ਕਰਨ ਦੇ ਯੋਗ ਬਣਾਉਣਾ। |
| | ਲੇਖ:-<br>(1) ਸ੍ਰੀ ਗੁਰੂ ਨਾਨਕ ਦੇਵ ਜੀ | ਵਿਦਿਆਰਥੀਆਂ ਵਿੱਚ ਲਿਖਣ ਯੋਗਤਾਵਾਂ ਦਾ ਵਿਕਾਸ ਕਰਨਾ। | ਵਿਦਿਆਰਥੀਆਂ ਨੂੰ ਉਨ੍ਹਾਂ ਦੀ ਰੁਚੀ ਅਨੁਸਾਰ ਕਿਸੇ ਵਿਸ਼ੇ 'ਤੇ ਕੁੱਝ ਸਤਰਾਂ ਲਿਖਣ ਲਈ ਕਹਿਣਾ। |
| | ਪੱਤਰ:-<br>ਛੋਟੇ ਭਰਾ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਦਿਲਚਸਪੀ ਲੈਣ ਲਈ ਪੱਤਰ। | ਵਿਹਾਰਕ ਜ਼ਿੰਦਗੀ ਵਿੱਚ ਪੱਤਰ ਲਿਖਣਯੋਗ ਬਣਾਉਣਾ। | ਪੱਤਰ ਦੇ ਵੱਖ-ਵੱਖ ਭਾਗਾਂ ਦਾ ਅਭਿਆਸ ਕਰਨ ਲਈ ਕਹਿਣਾ। |
| | ਕਹਾਣੀ:- | ਵਿਦਿਆਰਥੀਆਂ ਅੰਦਰ ਲਿਖਣ ਕਲਾ | ਕਹਾਣੀ ਦੀ ਸਿੱਖਿਆ ਨਾਲ਼ |

| | | | |
|---|---|---|---|
| | ਲੂੰਬੜੀ ਤੇ ਖੱਟੇ ਅੰਗੂਰ | ਦੇ ਗੁਣ ਪੈਦਾ ਕਰਨਾ। | ਸੰਬੰਧਿਤ ਕਿਸੇ ਹੋਰ ਘਟਨਾ/ਸਾਖੀ ਨੂੰ ਸੁਣਨਾ/ਚਰਚਾ ਕਰਨ ਲਈ ਕਹਿਣਾ। |
| | ਮੁਹਾਵਰੇ:- ਮੁਹਾਵਰੇ ਠ ਤੋਂ ਫ ਤੱਕ (ਵਿਆਕਰਨ ਦੀ ਪੁਸਤਕ ਵਿੱਚੋਂ) | ਵਿਹਾਰਿਕ ਜ਼ਿੰਦਗੀ ਵਿੱਚ ਮੁਹਾਵਰਿਆਂ ਨੂੰ ਵਰਤਣ ਦੀ ਯੋਗਤਾ ਪੈਦਾ ਕਰਨਾ। | ਸੰਬੰਧਿਤ ਮੁਹਾਵਰਿਆਂ ਦੇ ਹੋਰ ਵਾਕ ਬਣਾਉਣ ਲਈ ਕਹਿਣਾ। |
| | ਵਿਆਕਰਨ:- ਬਹੁਤੇ ਸ਼ਬਦਾਂ ਲਈ ਇੱਕ ਸ਼ਬਦ | ਵਿਦਿਆਰਥੀਆਂ ਅੰਦਰ ਸੰਖੇਪ ਲਿਖਣ, ਬੋਲਣ ਦਾ ਗੁਣ ਪੈਦਾ ਕਰਨਾ। | ਜਮਾਤੀ ਸ਼ਾਬਦਿਕ ਕਿਰਿਆਵਾਂ ਰਾਹੀਂ ਸੰਬੰਧਿਤ ਸ਼ਬਦਾਂ ਦਾ ਅਭਿਆਸ ਕਰਵਾਉਣਾ। |
| ਦਸੰਬਰ | ਪਾਠ-18 ਗਿਠਮੁਠੀਆਂ ਵਾਲ਼ਾ ਖ਼ੂਹ | ਵਿਦਿਆਰਥੀਆਂ ਅੰਦਰਲੀ ਕਲਪਨਾ ਦੀ ਭਾਵਨਾ ਨੂੰ ਪ੍ਰਗਟ ਕਰਨ ਯੋਗ ਬਣਾਉਣਾ। | ਵਿਦਿਆਰਥੀਆਂ ਦੇ ਘਰ/ਪਿੰਡ ਨੇੜੇ ਵਾਪਰੀ ਕਿਸੇ ਘਟਨਾ ਦੀ ਵਿਚਾਰ ਚਰਚਾ ਕਰਵਾਉਣਾ। |
| | ਪਾਠ-19 ਸਾਵਧਾਨ! ਹੋਸ਼ਿਆਰ! | ਵਿਦਿਆਰਥੀਆਂ ਨੂੰ ਪ੍ਰਾਪਤ ਗਿਆਨ ਨੂੰ ਅਸਲ ਜੀਵਨ ਵਿੱਚ ਲਾਗੂ ਕਰਨ ਯੋਗ ਬਣਾਉਣਾ। | ਵਿਦਿਆਰਥੀਆਂ ਤੋਂ ਸੜਕਾਂ ਅਤੇ ਹਸਪਤਾਲਾਂ 'ਤੇ ਲੱਗੇ ਚਿਤਾਵਨੀ ਬੋਰਡਾਂ ਆਦਿ ਬਾਰੇ ਪੁਛਣਾ। |
| | ਪਾਠ-21 ਜੀਅ ਕਰੇ | ਵਿਦਿਆਰਥੀਆਂ ਅੰਦਰ ਕਵਿਤਾ ਨੂੰ ਲੈਅ ਵਿੱਚ ਗਾਉਣ ਦਾ ਗੁਣ ਪੈਦਾ ਕਰਨਾ। | ਹੋਰ ਕਿਸੇ ਕਵਿਤਾ/ਗੀਤ ਨੂੰ ਸੁਣਾਉਣ ਲਈ ਕਹਿਣਾ। |
| | ਪੱਤਰ:- (1) ਹੋਸਟਲ ਵਿੱਚ ਰਹਿੰਦੇ ਛੋਟੇ ਭਰਾ ਨੂੰ ਇਮਤਿਹਾਨਾਂ ਦੀ ਤਿਆਰੀ ਲਈ ਹਿਦਾਇਤ ਕਰੋ। (2) ਮਿੱਤਰ ਨੂੰ ਉਸਦੇ ਜਨਮ ਦਿਨ ਦੀ ਪਾਰਟੀ ਵਿੱਚ ਸ਼ਾਮਲ ਨਾ ਹੋ ਸਕਣ ਬਾਰੇ ਮੁਆਫੀ ਪੱਤਰ। | ਵਿਵਹਾਰਿਕ ਜਿੰਦਗੀ ਵਿੱਚ ਪੱਤਰ ਲਿਖਣਯੋਗ ਬਣਾਉਣਾ। | ਵਿਦਿਆਰਥੀਆਂ ਨੂੰ ਆਪਣੇ ਦੋਸਤਾਂ-ਮਿੱਤਰਾਂ ਨੂੰ ਕਿਸੇ ਵੀ ਵਿਸ਼ੇ ਨਾਲ ਸੰਬੰਧਿਤ ਪੱਤਰ ਲਿਖਣ ਦਾ ਅਭਿਆਸ ਕਰਵਾਉਣਾ। |
| | ਕਹਾਣੀ:- (1) ਲਾਲਚ ਬੁਰੀ ਬਲਾ ਹੈ। | ਵਿਦਿਆਰਥੀਆਂ ਅੰਦਰ ਲਿਖਣ ਕਲਾ ਦੇ ਗੁਣ ਪੈਦਾ ਕਰਨਾ। | ਕਹਾਣੀ ਦੀ ਸਿੱਖਿਆ ਨਾਲ਼ ਸੰਬੰਧਿਤ ਕਿਸੇ ਹੋਰ ਵਾਰਤਾ ਨੂੰ ਸੁਣਨ/ਚਰਚਾ ਕਰਨ ਲਈ ਕਹਿਣਾ। |
| | ਵਿਆਕਰਨ:- ਵਿਰੋਧੀ ਸ਼ਬਦ, ਬਹੁਆਰਥਕ ਸ਼ਬਦ, ਅਖਾਣ ਸਾਰੇ ਹੀ (ਵਿਆਕਰਨ ਦੀ ਪੁਸਤਕ ਵਿੱਚੋਂ) | ਵਿਆਕਰਨ ਦੀ ਪੰਜਾਬੀ ਭਾਸ਼ਾ ਨੂੰ ਲਿਖਣ/ਬੋਲਣ ਵਜੋਂ ਮਹੱਤਤਾ ਨੂੰ ਦਰਸਾਉਣਾ। | ਬਜ਼ੁਰਗਾਂ ਜਾਂ ਮਾਤਾ-ਪਿਤਾ ਤੋਂ ਰੋਜ਼ਾਨਾ ਜੀਵਨ ਵਿੱਚ ਵਰਤੇ ਜਾਂਦੇ ਅਖਾਣਾ ਬਾਰੇ ਪੁੱਛਣਾ ਅਤੇ ਵਰਤੋਂ। |
| ਜਨਵਰੀ | ਪਾਠ-22 ਸ਼ੇਰਨੀਆਂ | ਵਿਦਿਆਰਥੀਆਂ ਅੰਦਰ ਬੋਲਣ ਕੌਸ਼ਲਾਂ ਰਾਹੀਂ ਆਤਮ ਵਿਸ਼ਵਾਸ ਦੀ ਭਾਵਨਾ ਪੈਦਾ ਕਰਨਾ। | ਵਿਦਿਆਰਥੀਆਂ ਨੂੰ ਕੁੜੀਆਂ ਦੀ ਬਹਾਦਰੀ ਨਾਲ ਸੰਬੰਧਿਤ ਕਿਸੇ ਘਟਨਾ ਨੂੰ ਸੁਣਾਉਣ ਲਈ ਕਹਿਣਾ। |
| | ਪਾਠ-23 | ਵਿਦਿਆਰਥੀਆਂ ਅੰਦਰ ਕਿਸੇ ਪ੍ਰਸਿੱਧ | ਕਿਸੇ ਪਸੰਦੀਦਾ ਦੇਸ਼ ਭਗਤ ਬਾਰੇ |

| | | | |
|---|---|---|---|
| | ਲਾਲਾ ਲਾਜਪਤ ਰਾਏ | ਵਿਅਕਤੀ ਦੀ ਜੀਵਨੀ ਪੜ੍ਹਨ ਅਤੇ ਸਮਝਣ ਦੀ ਰੁਚੀ ਪੈਦਾ ਕਰਨਾ। | ਲਿਖਣ ਲਈ ਕਹਿਣਾ। |
| | ਪਾਠ-24<br>ਅਦਭੁਤ ਸੰਸਾਰ | ਰਚਨਾਤਮਿਕਤਾ ਦੇ ਗੁਣ ਪੈਦਾ ਕਰਨਾ। | ਸਮੁੰਦਰੀ ਜੀਵ-ਜੰਤੂਆਂ ਦੇ ਨਾਵਾਂ ਦੀ ਸੂਚੀ ਤਿਆਰ ਕਰਵਾਉਣਾ। |
| | ਲੇਖ:-<br>(1) ਮੈਂ ਇਸ ਸਾਲ ਇਹ ਕਰਾਂਗਾ<br>(2) ਲੋਹੜੀ ਦਾ ਤਿਉਹਾਰ | ਵਿਦਿਆਰਥੀਆਂ ਵਿੱਚ ਲਿਖਣ ਦੀ ਰੁਚੀ ਪੈਦਾ ਕਰਨਾ। | ਵਿਦਿਆਰਥੀਆਂ ਨੂੰ ਉਨ੍ਹਾਂ ਦੀ ਰੁਚੀ ਅਨੁਸਾਰ ਕਿਸੇ ਵਿਸ਼ੇ 'ਤੇ ਲਿਖਣ ਲਈ ਕਹਿਣਾ। |
| | ਪੱਤਰ:-<br>ਆਪਣੇ ਮਿੱਤਰ ਜਾਂ ਸਹੇਲੀ ਨੂੰ ਗਣਤੰਤਰ ਦਿਵਸ ਮਨਾਉਣ ਸਬੰਧੀ ਪੱਤਰ ਲਿਖੋ। | ਵਿਵਹਾਰਿਕ ਜ਼ਿੰਦਗੀ ਵਿੱਚ ਪੱਤਰ ਲਿਖਣਯੋਗ ਬਣਾਉਣਾ। | ਪੱਤਰ ਦੇ ਵੱਖ-ਵੱਖ ਭਾਗਾਂ ਦਾ ਅਭਿਆਸ ਕਰਨ ਲਈ ਕਹਿਣਾ। |
| | ਮੁਹਾਵਰੇ:-<br>ਬ ਤੋਂ ਵ ਤੱਕ (ਵਿਆਕਰਨ ਦੀ ਪੁਸਤਕ ਵਿੱਚੋਂ) | ਵਿਵਹਾਰਿਕ ਜ਼ਿੰਦਗੀ ਵਿੱਚ ਮੁਹਾਵਰਿਆਂ ਨੂੰ ਵਰਤਣ ਦੀ ਯੋਗਤਾ ਪੈਦਾ ਕਰਨਾ। | ਸੰਬੰਧਿਤ ਮੁਹਾਵਰਿਆਂ ਦੇ ਹੋਰ ਵਾਕ ਬਣਾਉਣ ਲਈ ਕਹਿਣਾ। |
| ਫਰਵਰੀ | ਪਾਠ-25<br>ਸੱਤ ਡਾਕਟਰ | ਵਿਦਿਆਰਥੀਆਂ ਨੂੰ ਕੁਦਰਤ 'ਚ ਮਿਲਣ ਵਾਲੀਆਂ ਨਿਆਮਤਾਂ ਬਾਰੇ ਜਾਗਰੂਕ ਕਰਨਾ। | ਨਿੰਮ ਦੀ ਤਰ੍ਹਾਂ ਹੋਰ ਸਿਹਤ ਲਈ ਲਾਭਦਾਇਕ ਪੌਦਿਆਂ ਦੀ ਸੂਚੀ ਤਿਆਰ ਕਰਨ ਨੂੰ ਕਹਿਣਾ। |
| | ਪਾਠ-27<br>ਗਾਂਧੀ ਜੀ ਦਾ ਸਾਬਰਮਤੀ-ਆਸ਼ਰਮ | ਵਿਦਿਆਰਥੀਆਂ ਨੂੰ ਸਾਬਰਮਤੀ ਆਸ਼ਰਮ ਬਾਰੇ ਮੁੱਢਲੀ ਜਾਣਕਾਰੀ ਦੇਣਾ। | ਸਾਬਰਮਤੀ ਆਸ਼ਰਮ ਵਰਗੇ ਕਿਸੇ ਹੋਰ ਆਸ਼ਰਮ/ਸਥਾਨ ਬਾਰੇ ਅਧਿਆਪਕ ਵਿਦਿਆਰਥੀਆਂ ਨਾਲ਼ ਸੰਵਾਦ ਕਰ ਸਕਦੇ ਹਨ। |
| | ਲੇਖ:-<br>(1) ਅਸੀਂ ਪਿਕਨਿਕ 'ਤੇ ਗਏ<br>(2) ਰੰਗਾਂ ਦਾ ਤਿਉਹਾਰ ਹੋਲੀ। | ਵਿਦਿਆਰਥੀਆਂ ਵਿੱਚ ਲਿਖਣ ਕਲਾ ਦੀ ਰੁਚੀ ਪੈਦਾ ਕਰਨਾ। | ਵਿਦਿਆਰਥੀਆਂ ਨੂੰ ਪ੍ਰਾਪਤ ਅਨੁਭਵਾਂ ਨੂੰ ਸ਼ਬਦਾਂ 'ਚ ਅੰਕਿਤ ਕਰਨ ਲਈ ਕਹਿਣਾ। |
| | ਪੱਤਰ:-<br>(1) ਆਪਣੇ ਪਿਤਾ ਜੀ ਨੂੰ ਆਪਣੇ ਸਲਾਨਾ ਇਮਤਿਹਾਨਾਂ ਦਾ ਹਾਲ ਲਿਖੋ।<br>(2) ਇਕ ਦਿਨ ਟੂਰ ਲਿਜਾਣ ਲਈ ਸਕੂਲ ਮੁਖੀ ਨੂੰ ਪੱਤਰ ਲਿਖੋ। | ਵਿਦਿਆਰਥੀਆਂ ਨੂੰ ਰੋਜ਼ਾਨਾ ਜ਼ਿੰਦਗੀ ਵਿੱਚ ਪੱਤਰ ਲਿਖਣਯੋਗ ਬਣਾਉਣਾ। | ਵਿਦਿਆਰਥੀਆਂ ਨੂੰ ਆਪਣੇ ਦੋਸਤਾਂ/ਮਿੱਤਰਾਂ ਨੂੰ ਕਿਸੇ ਵਿਸ਼ੇ ਸਬੰਧੀ ਪੱਤਰ ਲਿਖਣ ਲਈ ਕਹਿਣਾ। |
| | ਕਹਾਣੀ:-<br>(1) ਚਲਾਕ ਲੂੰਬੜੀ | ਵਿਦਿਆਰਥੀਆਂ ਅੰਦਰ ਅਸਲ ਸੁਣਨ ਦੇ ਗੁਣ ਪੈਦਾ ਕਰਨਾ। | ਵਿਦਿਆਰਥੀਆਂ ਨੂੰ ਕੋਈ ਹੋਰ ਕਹਾਣੀ ਸੁਣਾਉਣ ਲਈ ਕਹਿਣਾ। |
| | (2) ਸੰਬੰਧਕ, ਯੋਜਕ ਪਰਿਭਾਸ਼ਾ ਤੇ ਕਿਸਮਾਂ। | ਵਿਦਿਆਰਥੀਆਂ ਅੰਦਰ ਸ਼ੁੱਧ ਲੇਖਣੀ/ਨਿਯਮਾਂ ਦੇ ਗਿਆਨ ਨੂੰ ਪਕੇਰਾ ਕਰਨਾ। | ਉਚਿਤ ਉਦਾਹਰਨਾਂ ਦੀ ਸਹਾਇਤਾ ਨਾਲ਼ ਅਭਿਆਸ ਕਰਵਾਉਣਾ। |

| ਜਮਾਤ : ਅੱਠਵੀਂ ਵਿਸ਼ਾ: ਪੰਜਾਬੀ ਅਕਤੂਬਰ ਤੋਂ ਫਰਵਰੀ | | | |
|---|---|---|---|
| **ਮਹੀਨਾ** | **ਅਧਿਆਇ** | **ਉਦੇਸ਼** | **ਕਿਰਿਆਵਾਂ** |
| ਅਕਤੂਬਰ | ਪਾਠ-3<br>ਛਿੰਝ ਛਰਾਹਾਂ ਦੀ | ਵਿਦਿਆਰਥੀਆਂ ਅੰਦਰ ਸਾਹਿਤਕ ਸੂਝ ਪ੍ਰਬਲ ਕਰਦੇ ਹੋਏ ਲਿਖਣ ਯੋਗਤਾ ਵਿਕਸਿਤ ਕਰਨਾ। | ਵਿਦਿਆਰਥੀਆਂ ਨੂੰ ਕਿਸੇ ਦੇਖੇ ਖੇਤਰੀ ਮੇਲੇ ਬਾਰੇ ਲਿਖਣ ਲਈ ਤਿਆਰ ਕਰਨਾ। |
| | ਪਾਠ-7<br>ਰੂਪਨਗਰ | ਵਿਦਿਆਰਥੀਆਂ ਅੰਦਰ ਪੜ੍ਹ ਕੇ/ਸੁਣ ਕੇ ਪਿੰਡ/ਸ਼ਹਿਰ ਸਥਾਨਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਅਤੇ ਵੇਖੇ-ਸਥਾਨਾਂ ਬਾਰੇ ਬਿਆਨ ਕਰਨ ਦੀ ਯੋਗਤਾ ਪੈਦਾ ਕਰਨਾ। | ਵਿਦਿਆਰਥੀਆਂ ਨੂੰ ਨੇੜੇ ਦੇ ਪਿੰਡ/ਸ਼ਹਿਰ ਬਾਰੇ ਕੁਝ ਸਤਰਾਂ ਲਿਖਣ ਲਈ ਕਹਿਣਾ। |
| | ਪਾਠ-8<br>ਬਾਬਾ ਫਰੀਦ | ਵਿਦਿਆਰਥੀਆਂ ਅੰਦਰ ਸੁਹਜ ਪ੍ਰਾਪਤੀ ਦੀ ਭਾਵਨਾ ਪੈਦਾ ਕਰਦੇ ਹੋਏ ਫਰੀਦ ਬਾਣੀ ਨੂੰ ਸਮਝਣ ਯੋਗ ਬਣਾਉਣਾ। | ਫਰੀਦ ਜੀ ਦੇ ਸਲੋਕ ਪੜ੍ਹ ਕੇ ਸੁਣਾਉਣੇ। |
| | ਲੇਖ:-<br>(1) ਕਿਸੇ ਸਮਾਜਿਕ ਬੁਰਾਈ ਉੱਤੇ<br>(2) ਮੇਰੀ ਜ਼ਿੰਦਗੀ ਦਾ ਮਕਸਦ | ਵਿਦਿਆਰਥੀਆਂ ਵਿੱਚ ਲਿਖਣ ਕਲਾ ਦੀ ਰੁਚੀ ਪੈਦਾ ਕਰਨਾ। | ਵਿਦਿਆਰਥੀਆਂ ਨੂੰ ਪ੍ਰਾਪਤ ਅਨੁਭਵਾਂ ਨੂੰ ਸ਼ਬਦਾਂ 'ਚ ਅੰਕਿਤ ਕਰਨ ਲਈ ਕਹਿਣਾ। |
| | ਪੱਤਰ:-<br>(1) ਸਕੂਲ ਵਿੱਚ ਮਨਾਏ ਗਏ ਖੇਡ ਸਮਾਗਮ ਦਾ ਹਾਲ। | ਵਿਦਿਆਰਥੀਆਂ ਨੂੰ ਰੋਜ਼ਾਨਾ ਜ਼ਿੰਦਗੀ ਵਿੱਚ ਪੱਤਰ ਲਿਖਣਯੋਗ ਬਣਾਉਣਾ। | ਵਿਦਿਆਰਥੀਆਂ ਨੂੰ ਆਪਣੇ ਦੋਸਤਾਂ/ਮਿਤਰਾਂ ਨੂੰ ਕਿਸੇ ਵਿਸ਼ੇ ਸਬੰਧੀ ਪੱਤਰ ਲਿਖਣ ਲਈ ਕਹਿਣਾ। |
| | ਕਹਾਣੀ:-<br>(1) ਏਕਤਾ ਵਿੱਚ ਬਲ ਹੈ। | ਵਿਦਿਆਰਥੀਆਂ ਅੰਦਰ ਅਸਲ ਸੁਣਨ ਦੇ ਗੁਣ ਪੈਦਾ ਕਰਨਾ। | ਵਿਦਿਆਰਥੀਆਂ ਨੂੰ ਕੋਈ ਹੋਰ ਕਹਾਣੀ ਸੁਣਾਉਣ ਲਈ ਕਹਿਣਾ। |
| | ਮੁਹਾਵਰੇ:-<br>41-50 ਤੱਕ (ਵਿਆਕਰਨ ਦੀ ਕਿਤਾਬ ਵਿੱਚੋਂ) | ਵਿਵਹਾਰਿਕ ਜ਼ਿੰਦਗੀ ਵਿੱਚ ਮੁਹਾਵਰਿਆਂ ਨੂੰ ਵਰਤਣ ਦੀ ਯੋਗਤਾ ਪੈਦਾ ਕਰਨਾ। | ਸੰਬੰਧਿਤ ਮੁਹਾਵਰਿਆਂ ਦੇ ਹੋਰ ਵਾਕ ਬਣਾਉਣ ਲਈ ਕਹਿਣਾ। |
| | ਵਿਆਕਰਨ:-<br>ਵਿਸ਼ਰਾਮ ਚਿੰਨ੍ਹ, ਪਰਿਭਾਸ਼ਾ ਅਤੇ ਵਰਤੋਂ ਸਥਿਤੀਆਂ | ਵਿਦਿਆਰਥੀਆਂ ਅੰਦਰ ਵਿਆਕਰਣ ਦੀ ਸੂਝ ਪੈਦਾ ਕਰਦੇ ਹੋਏ ਸ਼ੁੱਧ ਲਿਖਣ ਦੀ ਯੋਗਤਾ ਪੈਦਾ ਕਰਨਾ। | ਵੱਖ-ਵੱਖ ਵਾਕ ਦੇ ਕੇ ਵਿਸ਼ਰਾਮ ਚਿੰਨ੍ਹਾਂ ਦਾ ਅਭਿਆਸ ਕਰਵਾਉਣਾ। |
| ਨਵੰਬਰ | ਪਾਠ-9<br>ਪੰਜਾਬ | ਵਿਦਿਆਰਥੀਆਂ ਅੰਦਰ ਸਾਹਿਤਕ ਰੁਚੀ ਪੈਦਾ ਕਰਦੇ ਹੋਏ ਕਾਵਿ ਗੁਣ ਵਿਕਸਿਤ ਕਰਨਾ। | ਵਿਦਿਆਰਥੀਆਂ ਨੂੰ ਲੈਅਬੱਧ ਤਰੀਕੇ ਨਾਲ ਸਮੂਹਿਕ ਰੂਪ 'ਚ ਕਵਿਤਾ ਬੋਲਣੀ। |
| | ਪਾਠ-12<br>ਪੰਜਾਬ ਦਾ ਸੁਪਨ-ਸਾਜ਼ ਡਾ. ਮਹਿੰਦਰ ਸਿੰਘ ਰੰਧਾਵਾ | ਵਿਦਿਆਰਥੀਆਂ ਵਿੱਚ ਕਿਸੇ ਵਿਸ਼ੇਸ਼ ਵਿਅਕਤੀ ਦੀ ਜੀਵਨੀ ਪੜ੍ਹਨ-ਲਿਖਣ ਦੀ ਯੋਗਤਾ ਪੈਦਾ ਕਰਨਾ। | ਖੇਤੀ-ਬਾੜੀ ਨਾਲ ਸੰਬੰਧਿਤ ਔਜ਼ਾਰਾ ਦੀ ਸੂਚੀ ਬਣਾਉਣ ਲਈ ਕਹਿਣਾ। |
| | ਪਾਠ-17<br>ਲੋਹੜੀ | ਵਿਦਿਆਰਥੀਆਂ ਅੰਦਰ ਰਚਨਾਤਮਿਕਤਾ ਦੇ ਗੁਣ ਪੈਦਾ ਕਰਨਾ। | ਲੋਹੜੀ ਨਾਲ ਸੰਬੰਧਿਤ ਲੋਕ-ਗੀਤ ਲਿਖਣ ਅਤੇ ਸੁਣਾਉਣ ਲਈ ਕਹਿਣਾ। |

| | | | |
|---|---|---|---|
| | ਲੇਖ:–<br>(1) ਦਿਵਾਲੀ<br>(2) ਮਨਭਾਉਂਦਾ ਸ਼ੁਗਲ | ਵਿਦਿਆਰਥੀਆਂ ਵਿੱਚ ਦੇਖੇ ਅਨੁਭਵਾਂ ਨੂੰ ਪ੍ਰਗਟ ਕਰਨਯੋਗ ਬਣਾਉਣਾ। | ਵਿਦਿਆਰਥੀਆਂ ਨੂੰ ਕਿਸੇ ਹੋਰ ਮਨਾਏ ਗਏ ਤਿਉਹਾਰ ਬਾਰੇ ਲਿਖਣ ਲਈ ਕਹਿਣਾ। |
| | ਪੱਤਰ:–<br>(1) ਆਪਣੇ ਮਿੱਤਰ/ਸਹੇਲੀ ਨੂੰ ਪਾਸ ਹੋਣ ਤੇ ਵਧਾਈ ਸੰਦੇਸ਼ ਭੇਜੋ।<br>(2) ਆਪਣੇ ਪਿੰਡ ਦੇ ਸਰਪੰਚ ਨੂੰ ਮਹੁੱਲੇ ਦੀ ਸਫ਼ਾਈ ਅਤੇ ਗੰਦੇ ਪਾਣੀ ਦੇ ਨਿਕਾਸ ਪ੍ਰਬੰਧ ਨੂੰ ਸੁਧਾਰਨ ਲਈ ਪੱਤਰ ਲਿਖੋ। | ਰੋਜ਼ਾਨਾ ਜੀਵਨ ਵਿੱਚ ਪੱਤਰ ਲਿਖਣਯੋਗ ਬਣਾਉਣਾ। | ਪਿੰਡ ਦੀ ਕਿਸੇ ਹੋਰ ਸਮੱਸਿਆ ਬਾਰੇ ਬਿਨੈ-ਪੱਤਰ ਲਿਖਣ ਲਈ ਕਹਿਣਾ। |
| | ਕਹਾਣੀ:–<br>ਬਾਂਦਰ ਤੇ ਮਗਰਮੱਛ | ਵਿਦਿਆਰਥੀਆਂ ਵਿੱਚ ਸੁਣਨਯੋਗਤਾ ਪੈਦਾ ਕਰਨਾ। | ਵਿਦਿਆਰਥੀਆਂ ਤੋਂ ਕਿਸੇ ਹੋਰ ਸੁਣੀ ਕਹਾਣੀ ਨੂੰ ਲਿਖਣ ਲਈ ਕਿਹਾ ਜਾਵੇ। |
| | ਵਿਆਕਰਨ:–<br>ਸਮਾਨਅਰਥੀ ਸ਼ਬਦ | ਵਿਦਿਆਰਥੀਆਂ ਦੇ ਸ਼ਾਬਦਿਕ ਗਿਆਨ ਭੰਡਾਰ ਵਿੱਚ ਵਾਧਾ ਕਰਨਾ। | ਜਮਾਤ ਵਿੱਚ ਸਥੂਲ ਵਸਤਾਂ ਦੇ ਸਮਾਨਅਰਥੀ ਸ਼ਬਦ ਬਣਾਉਣਾ। |
| | ਮੁਹਾਵਰੇ:–<br>51 ਤੋਂ 60 ਤੱਕ | ਰੋਜ਼ਾਨਾ ਜੀਵਨ ਵਿੱਚ ਮੁਹਾਵਰਿਆਂ ਦੀ ਵਰਤੋਂ ਦੀ ਸਮਰੱਥਾ ਪੈਦਾ ਕਰਨਾ। | ਮੁਹਾਵਰਿਆਂ ਦੇ ਹੋਰ ਵੱਖ-ਵੱਖ ਵਾਕ ਬਣਵਾਉਣਾ। |
| ਦਸੰਬਰ | ਪਾਠ–21<br>ਗਿਆਨ, ਵਿਗਿਆਨ ਤੇ ਮਨੋਰੰਜਨ ਦਾ ਅਨੋਖਾ ਸੰਗਮ: ਸਾਇੰਸ ਸਿਟੀ | ਵਿਦਿਆਰਥੀਆਂ ਅੰਦਰ ਵਿਗਿਆਨਕ ਸ਼ਬਦਾਵਲੀ ਨੂੰ ਗ੍ਰਹਿਣ ਕਰਨ ਲਈ ਉਤਸ਼ਾਹਿਤ ਕਰਨਾ। | ਕਿਸੇ ਵੇਖੀ ਗਈ ਵਿਗਿਆਨਿਕ ਪ੍ਰਦਰਸ਼ਨੀ ਬਾਰੇ ਸੁਣਾਉਣ ਲਈ ਕਹਿਣਾ। |
| | ਪਾਠ–22<br>ਸ਼ਿਵ ਸਿੰਘ: ਬੁੱਤ-ਘਾੜਾ | ਵਿਦਿਆਰਥੀਆਂ ਵਿੱਚ ਸਿਰਜਣਾਤਮਿਕ ਰੁਚੀਆਂ ਪੈਦਾ ਕਰਨਾ। | ਕਿਸੇ ਹੋਰ ਕਲਾਕਾਰ ਬਾਰੇ ਸੁਣਾਉਣ ਲਈ ਕਿਹਾ ਜਾਵੇ। |
| | ਪਾਠ– 23<br>ਪਿੰਡ ਦੀ ਘੁਲਾੜੀ | ਵਿਦਿਆਰਥੀਆਂ ਵਿੱਚ ਲੈਅ-ਬੱਧ ਗਾਉਣ ਦੀ ਯੋਗਤਾ ਪੈਦਾ ਕਰਨਾ। | ਕਿਸੇ ਮਨਭਾਉਂਦੇ ਵਿਸ਼ੇ 'ਤੇ ਤੁਕਬੰਦੀ ਕਰਨ ਲਈ ਕਹਿਣਾ। |
| | ਲੇਖ:–<br>(1) ਰੁੱਖਾਂ ਦੇ ਲਾਭ<br>(2) ਸਾਡੇ ਸਕੂਲ ਦੀ ਲਾਇਬਰੇਰੀ | ਵਿਦਿਆਰਥੀਆਂ ਵਿੱਚ ਮੌਲਿਕ ਲਿਖਤ ਦੀ ਯੋਗਤਾ ਪੈਦਾ ਕਰਨਾ। | ਕਿਸੇ ਵੀ ਦਿਲਚਸਪ ਵਿਸ਼ੇ 'ਤੇ ਆਪਣੇ ਨਿੱਜੀ ਅਨੁਭਵਾਂ ਨੂੰ ਲਿਖਣ ਲਈ ਕਹਿਣਾ। |
| | ਪੱਤਰ:–<br>(1) ਮਿੱਤਰ ਨੂੰ ਉਸਦੇ ਭਰਾ ਦੇ ਵਿਆਹ ਵਿੱਚ ਸ਼ਾਮਲ ਨਾ ਹੋ ਸਕਣ ਬਾਰੇ ਮੁਆਫੀ ਪੱਤਰ ਲਿਖੋ। | ਰੋਜ਼ਾਨਾ ਜੀਵਨ ਵਿੱਚ ਪੱਤਰ ਲਿਖਣਯੋਗ ਬਣਾਉਣਾ। | ਪੱਤਰ ਦੇ ਵੱਖ-ਵੱਖ ਭਾਗਾਂ ਦੇ ਅਭਿਆਸ ਕਰਨ ਲਈ ਕਹਿਣਾ। |
| | ਕਹਾਣੀ:–<br>ਦੋ ਆਲਸੀ ਮਿੱਤਰ | ਵਿਦਿਆਰਥੀਆਂ ਵਿੱਚ ਸੁਣਨਯੋਗਤਾ ਪੈਦਾ ਕਰਨਾ। | ਵਿਦਿਆਰਥੀਆਂ ਤੋਂ ਕਿਸੇ ਹੋਰ ਸੁਣੀ ਕਹਾਣੀ ਨੂੰ ਲਿਖਣ ਲਈ ਕਿਹਾ ਜਾਵੇ। |
| | ਮੁਹਾਵਰੇ:– | ਰੋਜ਼ਾਨਾ ਜੀਵਨ ਵਿੱਚ ਮੁਹਾਵਰਿਆਂ | ਮੁਹਾਵਰਿਆਂ ਦੇ ਹੋਰ ਵੱਖ-ਵੱਖ ਵਾਕ |

| | | | |
|---|---|---|---|
| | 61 ਤੋਂ 75 ਤੱਕ (ਵਿਆਕਰਨ ਦੀ ਪੁਸਤਕ ਵਿੱਚੋਂ) | ਦੀ ਵਰਤੋਂ ਦੀ ਸਮਰੱਥਾ ਪੈਦਾ ਕਰਨਾ। | ਬਣਵਾਉਣਾ। |
| | ਵਿਆਕਰਨ:- ਵਾਕ ਦੀ ਪਰਿਭਾਸ਼ਾ ਅਤੇ ਕਿਸਮਾਂ | ਵਿਦਿਆਰਥੀਆਂ ਦੇ ਸ਼ਾਬਦਿਕ ਗਿਆਨ ਭੰਡਾਰ ਵਿੱਚ ਵਾਧਾ ਕਰਨਾ। | ਜਮਾਤ ਵਿੱਚ ਸਥੂਲ ਵਸਤਾਂ ਦੇ ਸਮਾਨਅਰਥੀ ਸ਼ਬਦ ਬਣਾਉਣਾ। |
| ਜਨਵਰੀ | ਪਾਠ- 24<br>ਭੂਆ | ਵਿਦਿਆਰਥੀਆਂ ਨੂੰ ਰਿਸ਼ਤਿਆਂ ਦੀ ਮਹੱਤਤਾ ਬਾਰੇ ਦੱਸਣਾ। | ਵਿਦਿਆਰਥੀਆਂ ਨੂੰ ਨਾਨਕਿਆਂ ਵੱਲੋਂ ਕੀਤੀ ਆਓ ਭਗਤ ਬਾਰੇ ਦੱਸਣ ਲਈ ਕਿਹਾ ਜਾਵੇ। |
| | ਪਾਠ - 25<br>ਰੱਬ ਦੀ ਪੌੜੀ | ਵਿਦਿਆਰਥੀਆਂ ਨੂੰ ਵਿਸ਼ਵ-ਪੱਧਰ ਦੀਆਂ ਇਮਾਰਤਾ ਬਾਰੇ ਜਾਗਰੂਕ ਕਰਨਾ। | ਵਿਦਿਆਰਥੀਆਂ ਨੂੰ ਅਜਿਹੀ ਕਿਸੇ ਹੋਰ ਦੇਖੀ ਇਮਾਰਤ ਬਾਰੇ ਦੱਸਣ ਲਈ ਕਹਿਣਾ। |
| | ਲੇਖ:-<br>(1) ਮੈਂ ਸਰਦੀ ਦੀਆਂ ਛੁੱਟੀਆਂ ਕਿਵੇਂ ਬਿਤਾਈਆਂ<br>(2) ਮਾਘੀ ਦਾ ਤਿਉਹਾਰ<br>(3) ਗਣਤੰਤਰ ਦਿਵਸ | ਵਿਦਿਆਰਥੀਆਂ ਅੰਦਰ ਮੌਲਿਕ ਲੇਖਣੀ ਦੇ ਗੁਣਾਂ ਦਾ ਵਿਕਾਸ ਕਰਨਾ। | ਕਿਸੇ ਪਸੰਦੀਦਾ ਵਿਸ਼ੇ 'ਤੇ ਕੁੱਝ ਸਤਰਾਂ ਲਿਖਣ ਲਈ ਪ੍ਰੇਰਿਤ ਕਰਨਾ। |
| | ਪੱਤਰ:-<br>ਆਪਣੇ ਮਿੱਤਰ/ ਸਹੇਲੀ ਨੂੰ ਆਪਣੀਆਂ ਰੁਚੀਆਂ ਬਾਰੇ ਪੱਤਰ ਲਿਖੋ। | ਰੋਜ਼ਾਨਾ ਜੀਵਨ ਵਿੱਚ ਪੱਤਰ ਲਿਖਣਯੋਗ ਬਣਾਉਣਾ। | ਪੱਤਰ ਦੇ ਵੱਖ-ਵੱਖ ਭਾਗਾਂ ਦੇ ਅਭਿਆਸ ਕਰਨ ਲਈ ਕਹਿਣਾ। |
| | ਕਹਾਣੀ:-<br>ਸਿਆਣਾ ਕਾਂ | ਵਿਦਿਆਰਥੀਆਂ ਅੰਦਰ ਸੁਣਨ ਕੌਸ਼ਲਾਂ ਦੀ ਸਮੱਰਥਾ ਪੈਦਾ ਕਰਨਾ। | ਸਿਆਣਪ ਨਾਲ ਸੰਬੰਧਿਤ ਕਿਸੇ ਹੋਰ ਕਹਾਣੀ 'ਤੇ ਵਿਚਾਰ ਚਰਚਾ ਕਰਨੀ। |
| | ਵਿਆਕਰਨ:-<br>ਸਬੰਧਕ, ਕਾਲ ਵੰਡ, ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ | ਸ਼ੁੱਧ ਭਾਸ਼ਾ ਲਿਖਣ ਅਤੇ ਬੋਲਣ ਲਈ ਵਿਆਕਰਣਿਕ ਨਿਯਮਾਂ ਦੀ ਸਹੀ ਵਰਤੋਂ ਦੇ ਯੋਗ ਬਣਾਉਣਾ। | ਸੰਬੰਧਿਤ ਵਿਸ਼ਿਆਂ ਨਾਲ ਮਿਲਦੇ ਹੋਰ ਸ਼ਬਦਾਂ ਦਾ ਅਭਿਆਸ ਕਰਵਾਉਣਾ। |
| ਫਰਵਰੀ | ਪਾਠ - 26<br>ਗੱਗੂ | ਵਿਦਿਆਰਥੀਆਂ ਅੰਦਰ ਪ੍ਰਾਪਤ ਗਿਆਨ ਪ੍ਰਤੀ ਸੂਝ ਪੈਦਾ ਕਰਨੀ। | ਕਿਸੇ ਪਾਲਤੂ ਪਸ਼ੂ ਨਾਲ ਪਿਆਰ ਭਾਵਨਾ ਨੂੰ ਲਿਖਣ/ਸੁਣਾਉਣ ਲਈ ਪ੍ਰੇਰਿਤ ਕਰਨਾ। |
| | ਪਾਠ - 27<br>ਵੱਡੇ ਭੈਣ ਜੀ | ਵਿਦਿਆਰਥੀਆਂ ਅੰਦਰ ਸਾਹਿਤ-ਵਿਧਾ 'ਇਕਾਂਗੀ' ਬਾਰੇ ਸਮਝ ਪੈਦਾ ਕਰਨੀ। | ਨਾਟਕੀ ਢੰਗ ਰਾਹੀਂ ਇਕਾਂਗੀ ਦੇ ਵੱਖ-ਵੱਖ ਹਿੱਸੇ ਪੜ੍ਹਾਉਣਾ। |
| | ਲੇਖ:- (1) ਬਸੰਤ ਰੁੱਤ | ਵਿਦਿਆਰਥੀਆਂ ਅੰਦਰ ਦੇਖੇ ਅਨੁਭਵ ਨੂੰ ਪ੍ਰਗਟ ਕਰਨ ਦੇ ਯੋਗ ਬਣਾਉਣਾ। | ਕਿਸੇ ਹੋਰ ਰੁੱਤ ਬਾਰੇ ਵਿਦਿਆਰਥੀਆਂ ਨੂੰ ਵਿਚਾਰ ਸਾਂਝੇ ਕਰਨ ਲਈ ਪ੍ਰੇਰਿਤ ਕਰਨਾ। |
| | ਪੱਤਰ:-<br>(1) ਆਪਣੇ ਮਿੱਤਰ/ਸਹੇਲੀ ਨੂੰ ਪੱਤਰ ਰਾਹੀਂ ਕਿਸੇ ਚੰਗੀ ਪੁਸਤਕ ਨੂੰ ਪੜ੍ਹਨ ਲਈ ਪ੍ਰੇਰਿਤ ਕਰੋ। | ਰੋਜ਼ਾਨਾ ਜੀਵਨ ਵਿੱਚ ਪੱਤਰ ਲਿਖਣਯੋਗ ਬਣਾਉਣਾ। | ਪੱਤਰ ਦੇ ਵੱਖ-ਵੱਖ ਭਾਗਾਂ ਦੇ ਅਭਿਆਸ ਕਰਨ ਲਈ ਕਹਿਣਾ। |

| | | | |
|---|---|---|---|
| | (2) ਸਕੂਲ ਵਿੱਚ ਮਨਾਏ ਗਏ ਇਨਾਮ ਵੰਡ ਸਮਾਗਮ ਬਾਰੇ ਆਪਣੇ ਮਿੱਤਰ/ਸਹੇਲੀ ਨੂੰ ਪੱਤਰ ਰਾਹੀਂ ਜਾਣਕਾਰੀ ਦਿਓ। | | |
| | ਕਹਾਣੀ:-<br>ਹੰਕਾਰੀ ਬਾਰਾਂ ਸਿੰਗਾ | ਵਿਦਿਆਰਥੀਆਂ ਅੰਦਰ ਸੁਣਨ ਕੌਸ਼ਲਾਂ ਦੀ ਸਮੱਰਥਾ ਪੈਦਾ ਕਰਨਾ। | ਸਿਆਣਪ ਨਾਲ ਸੰਬੰਧਿਤ ਕਿਸੇ ਹੋਰ ਕਹਾਣੀ 'ਤੇ ਵਿਚਾਰ ਚਰਚਾ ਕਰਨੀ। |
| | ਵਿਆਕਰਨ:-<br>ਵਾਕ ਬੋਧ ਤੋਂ ਕੀ ਭਾਵ ਹੈ। ਵਾਕ ਬੋਧ ਦੀਆਂ ਕਿਸਮਾਂ, ਉਦਾਹਰਨਾਂ ਸਹਿਤ ਲਿਖੋ। ਯੋਜਕ ਪਰਿਭਾਸ਼ਾ ਤੇ ਕਿਸਮਾਂ। | ਸ਼ੁੱਧ ਭਾਸ਼ਾ ਲਿਖਣ ਅਤੇ ਬੋਲਣ ਲਈ ਵਿਆਕਰਣਿਕ ਨਿਯਮਾਂ ਦੀ ਸਹੀ ਵਰਤੋਂ ਦੇ ਯੋਗ ਬਣਾਉਣਾ। | ਸ਼ਬਦਾਂ ਦੇ ਸੁਮੇਲ ਤੋਂ ਨਿੱਕੇ-ਨਿੱਕੇ ਵਾਕਾਂ ਦੀ ਰਚਨਾ ਦਾ ਅਭਿਆਸ ਕਰਵਾਉਣਾ। |

| ਜਮਾਤ: ਨੌਵੀਂ ਵਿਸ਼ਾ: ਪੰਜਾਬੀ (ਏ) ਅਕਤੂਬਰ ਤੋਂ ਫਰਵਰੀ | | | |
|---|---|---|---|
| **ਮਹੀਨਾ** | **ਅਧਿਆਇ** | **ਉਦੇਸ਼** | **ਕਿਰਿਆਵਾਂ** |
| ਅਕਤੂਬਰ | ਸਾਹਿਤ ਮਾਲਾ:-<br>(1) ਗੁਰਮੁਖ ਸਿੰਘ ਮੁਸਾਫਿਰ<br>(2) ਵਿਧਾਤਾ ਸਿੰਘ ਤੀਰ | ਵਿਦਿਆਰਥੀਆਂ ਅੰਦਰ ਸੁਹਜ ਪ੍ਰਵਿਰਤੀ ਨੂੰ ਪ੍ਰਬਲ ਕਰਦੇ ਹੋਏ ਕਾਵਿ-ਗੁਣਾਂ ਨੂੰ ਵਿਕਸਿਤ ਕਰਨਾ। | ਵਿਦਿਆਰਥੀਆਂ ਨੂੰ ਸੰਬੰਧਿਤ ਕਵੀਆਂ ਦੀ ਜੀਵਨ ਝਲਕ ਅਤੇ ਰਚਨਾਵਾਂ ਬਾਰੇ ਪੜ੍ਹਨ ਲਈ ਕਹਿਣਾ। |
| | ਵਾਰਤਕ:-<br>(1) ਢੋਲ ਢਮੱਕਾ | ਵਿਦਿਆਰਥੀਆਂ ਅੰਦਰ ਵਾਰਤਕ ਲਿਖਣ ਦੀ ਰੁਚੀ ਪੈਦਾ ਕਰਨਾ। | ਵਿਦਿਆਰਥੀਆਂ ਨੂੰ ਉਪ-ਵਿਸ਼ੇ ਨਾਲ ਮਿਲਦੇ ਜੁਲਦੇ ਵਿਸ਼ੇ ’ਤੇ ਲਿਖਣ ਲਈ ਕਹਿਣਾ। |
| | ਵੰਨਗੀ:-<br>ਮੁਰਕੀਆਂ | ਵਿਦਿਆਰਥੀਆਂ ਅੰਦਰ ਵਾਰਤਕ ਵਿਧਾ ਕਹਾਣੀ ਸਮਝਣ ਅਤੇ ਲਿਖਣ ਯੋਗਤਾ ਦਾ ਵਿਕਾਸ ਕਰਨਾ। | ਵਿਦਿਆਰਥੀਆਂ ਨੂੰ ਵਿਸ਼ੇ ਨਾਲ ਸੰਬੰਧਿਤ ਕਿਸੇ ਹੋਰ ਕਹਾਣੀ ਨੂੰ ਪੜ੍ਹਨ/ਸੁਣਾਉਣ ਲਈ ਕਹਿਣਾ। |
| | ਨਾਵਲ ਅੰਕ - 3 (ਸ਼ਾਮ) | ਵਿਦਿਆਰਥੀਆਂ ਅੰਦਰ ਨਾਵਲ ਵਿਧਾ ਰਾਹੀਂ ਸੰਪੂਰਨ ਕਹਾਣੀ ਨੂੰ ਸਮਝਣ ਅਤੇ ਸਥਾਈ ਕਰਨ ਦੇ ਯੋਗ ਬਣਾਉਣਾ। | ਸੰਬੰਧਿਤ ਅੰਕ ਵਿੱਚਲੇ ਵਾਰਤਾਲਾਪਾਂ ਬਾਰੇ ਸਾਂਝੀ ਵਿਚਾਰ ਚਰਚਾ ਕਰਨੀ। |
| ਨਵੰਬਰ | ਸਾਹਿਤ ਮਾਲਾ:-<br>(1) ਪ੍ਰੋ. ਮੋਹਨ ਸਿੰਘ<br>(2) ਨੰਦ ਲਾਲ ਨੂਰਪੁਰੀ | ਵਿਦਿਆਰਥੀਆਂ ਅੰਦਰ ਕਾਵਿ-ਸਾਹਿਤ ਨੂੰ ਹਾਵਾਂ-ਭਾਵਾਂ ਅਨੁਸਾਰ ਬੋਲਣ/ਗਾਉਣ ਦੇ ਗੁਣ ਪੈਦਾ ਕਰਨਾ। | ਕੋਈ ਕਾਵਿ ਤੁਕ ਦੇ ਕੇ ਵਿਦਿਆਰਥੀਆਂ ਕੋਲੋਂ ਉਸਨੂੰ ਪੂਰੀ ਕਰਨ ਲਈ ਕਹਿਣਾ। |
| | ਵਾਰਤਕ:-<br>(1) ਵਹਿਮੀ ਤਾਇਆ | ਵਿਦਿਆਰਥੀਆਂ ਅੰਦਰ ਵਿਅੰਗਾਤਮਕ ਸੂਝ ਪੈਦਾ ਕਰਨਾ ਅਤੇ ਵਿਅੰਗ ਲਿਖਣ ਦੀ ਯੋਗਤਾ ਪੈਦਾ ਕਰਨਾ। | ਹੱਥਲੀ ਵਾਰਤਕ ਵਿੱਚੋਂ ਕਿਸੇ ਘਟਨਾ ਨੂੰ ਵਿਦਿਆਰਥੀਆਂ ਕੋਲੋਂ ਨਾਟਕੀ ਰੁਪਾਂਤਰਣ ਰਾਹੀਂ ਪ੍ਰਸਤੁਤੀਕਰਣ ਕਰਵਾਉਣਾ। |
| | ਵੰਨਗੀ:-<br>(1) ਮੌਨਧਾਰੀ (ਇਕਾਂਗੀ) | ਸ਼ੁੱਧ ਸੰਵਾਦ ਅਤੇ ਨਾਟਕੀ ਸੰਵਾਦਾਂ ਨੂੰ ਗ੍ਰਹਿਣ ਅਤੇ ਪ੍ਰਸਤੁਤੀਕਰਣ ਦੀ ਯੋਗਤਾ ਪੈਦਾ ਕਰਨਾ। | ਇਕਾਂਗੀ ਦੇ ਕਿਸੇ ਢੁੱਕਵੇਂ ਭਾਗ ਦਾ ਨਾਟਕੀ ਰੁਪਾਂਤਰਣ ਰਾਹੀਂ ਪ੍ਰਸਤੁਤੀ ਕਰਣ/ਕਰਵਾਉਣਾ। |
| | ਨਾਵਲ ਅੰਕ - 3 (ਸ਼ਾਮ) | ਵਿਦਿਆਰਥੀਆਂ ਅੰਦਰ ਨਾਟਕ ਵਿਧਾ ਰਾਹੀਂ ਸੰਪੂਰਨ ਕਹਾਣੀ ਨੂੰ ਸਮਝਣ ਅਤੇ ਸਥਾਈਕਰਨ ਦੇ ਯੋਗ ਬਣਾਉਣਾ। | ਸੰਬੰਧਤ ਅੰਕ ਦੇ ਕਿਸੇ ਇਕ ਪਾਤਰ ਦੀ ਭੂਮਿਕਾ ਬਾਰੇ ਵਿਚਾਰ ਚਰਚਾ ਕਰਵਾਉਣੀ। |
| ਦਸੰਬਰ | ਸਾਹਿਤ ਮਾਲਾ:-<br>(1) ਬਾਵਾ ਬਲਵੰਤ<br>(2) ਪ੍ਰੀਤਮ ਸਿੰਘ ਸਫੀਰ | ਵਿਦਿਆਰਥੀਆਂ ਵਿੱਚ ਕਾਵਿ-ਗੁਣਾਂ ਨੂੰ ਵਿਕਸਿਤ ਕਰਦੇ ਹੋਏ ਸਮਾਜ ਨਾਲ਼ ਜੋੜਨਾ। | ਵਿਸ਼ੇ ਨਾਲ ਸੰਬੰਧਤ ਹੋਰ ਕਵਿਤਾਵਾਂ ਬਾਰੇ ਵਿਦਿਆਰਥੀਆਂ ਤੋਂ ਪੁੱਛਣਾ। |
| | ਵਾਰਤਕ:-<br>ਮੁੜ ਵੇਖਿਆ ਪਿੰਡ | ਵਿਦਿਆਰਥੀਆਂ ਅੰਦਰ ਵਾਰਤਕ ਰੁਚੀ ਪੈਦਾ ਕਰਦੇ ਹੋਏ ਪੇਂਡੂ ਸਭਿਆਚਾਰ ਪ੍ਰਤੀ ਰੁਚੀ ਪੈਦਾ ਕਰਨੀ। | ਵਿਦਿਆਰਥੀਆਂ ਨੂੰ ਆਪਣੇ ਪਿੰਡ ਬਾਰੇ ਕੁੱਝ ਸਤਰਾਂ ਲਿਖਣ ਲਈ ਕਹਿਣਾ। |
| | ਵੰਨਗੀ:-<br>(1) ਸਾਂਝੀ ਕੰਧ (ਕਹਾਣੀ) | ਕਹਾਣੀਆਂ ਸਮਝਣ ਦੀ ਯੋਗਤਾ ਪੈਦਾ ਕਰਦੇ ਹੋਏ ਨਿੱਕੀ ਵਾਰਤਾ | ਕਿਸੇ ਘਟਨਾ ਨੂੰ ਕਹਾਣੀ ਰੂਪ ’ਚ ਲਿਖਣ ਲਈ ਕਹਿਣਾ। |

| | | | |
|---|---|---|---|
| | (2) ਗੁਬਾਰੇ (ਇਕਾਂਗੀ) | ਲਿਖਣ ਦੀ ਸਮੱਰਥਾ ਪੈਦਾ ਕਰਨਾ। ਵਿਦਿਆਰਥੀਆਂ ਅੰਦਰ ਵਾਰਤਾਲਾਪ ਲਿਖਣ ਦੀ ਸਮੱਰਥਾ ਪੈਦਾ ਕਰਨਾ। | ਇਕਾਂਗੀ ਦੇ ਕਿਸੇ ਇੱਕ ਪਾਤਰ ਬਾਰੇ ਵਿਦਿਆਰਥੀਆਂ ਨਾਲ ਵਿਚਾਰ ਚਰਚਾ ਕਰਨੀ। |
| | ਨਾਵਲ ਅੰਕ - 3 (ਸ਼ਾਮ) | ਵਿਦਿਆਰਥੀਆਂ ਅੰਦਰ ਪਾਤਰਾਂ ਨਾਲ ਜੁੜਨ ਤੇ ਉਨ੍ਹਾਂ ਦੀ ਭੂਮਿਕਾ ਬਾਰੇ ਲਿਖਣ ਦੀ ਯੋਗਤਾ ਪੈਦਾ ਕਰਨਾ। | ਹੱਥਲੇ ਅੰਕ ਵਿੱਚ ਮਹੱਤਵਪੂਰਨ ਵਾਰਤਾਲਾਪਾਂ ਦੀ ਚੋਣ ਕਰਕੇ ਵਿਚਾਰ-ਚਰਚਾ ਕਰਨੀ |
| ਜਨਵਰੀ | ਸਾਹਿਤ ਮਾਲਾ:-<br>(1) ਅੰਮ੍ਰਿਤਾ ਪ੍ਰੀਤਮ<br>(2) ਸ਼ਿਵ ਕੁਮਾਰ ਬਟਾਲਵੀ | ਵਿਦਿਆਰਥੀਆਂ ਅੰਦਰ ਲਿਖਣ ਕਲਾ ਦੇ ਗੁਣ ਵਿਕਸਿਤ ਕਰਦੇ ਹੋਏ ਕਾਵਿ-ਸਾਹਿਤ ਪ੍ਰਤੀ ਸੂਝ ਬੂਝ ਪੈਦਾ ਕਰਨੀ। | ਕਿਸੇ ਪੰਸਦੀਦਾ ਵਿਸ਼ੇ 'ਤੇ ਕਵਿਤਾ ਰਚਨਾ ਕਰਨ ਲਈ ਕਹਿਣਾ। |
| | ਵਾਰਤਕ:-<br>(1) ਖੁਸ਼ੀਆਂ ਆਪੇ ਨਹੀਂ ਆਉਂਦੀਆਂ | ਵਾਰਤਕ ਲਿਖਣ ਦੇ ਗੁਣਾਂ ਨੂੰ ਵਿਕਸਿਤ ਕਰਨਾ। | ਕਿਸੇ ਵੇਖੀ ਘਟਨਾ ਨੂੰ ਲਿਖਣ ਲਈ ਕਹਿਣਾ। |
| | ਵੰਨਗੀ:-<br>(1) ਬੱਸ ਕੰਡਕਟਰ (ਕਹਾਣੀ)<br>(2) ਸਿਰਜਣਾ (ਇਕਾਂਗੀ) | (1) ਵਿਦਿਆਰਥੀਆਂ ਅੰਦਰ ਕਹਾਣੀ ਨਾਲ ਸਾਂਝ ਅਤੇ ਲਿਖਣ ਦੇ ਗੁਣ ਪੈਦਾ ਕਰਨਾ।<br>(2) ਵਿਦਿਆਰਥੀਆਂ ਅੰਦਰ ਵਾਰਤਾਲਾਪੀ ਸੰਵਾਦ ਦੇ ਗੁਣ ਵਿਕਸਿਤ ਕਰਨਾ। | (1) ਕਿਸੇ ਕਾਲਪਨਿਕ ਸੋਚ ਨੂੰ ਬਿਆਨ ਕਰਨਾ/ ਲਿਖਤ ਰੂਪ 'ਚ ਲਿਖਣ ਲਈ ਕਹਿਣਾ।<br>(2) ਨਾਟਕੀ ਰੂਪਾਂਤਰਣ ਰਾਹੀਂ ਇਕਾਂਗੀ ਦੇ ਹਿੱਸਿਆਂ ਨੂੰ ਪੂਰਾ ਕਰਨਾ। |
| | ਨਾਵਲ | ਵਿਦਿਆਰਥੀਆਂ ਅੰਦਰ ਘਟਨਾਵਾਂ ਨੂੰ ਇੱਕ ਪੂਰਨ ਇਕਾਈ ਵਿੱਚ ਸਮਝਣ ਦੀ ਯੋਗਤਾ ਪੈਦਾ ਕਰਨਾ। | ਪਾਤਰਾਂ ਵਿੱਚਲੀ ਆਪਸੀ ਸਾਂਝ ਦੀ ਵਿਦਿਆਰਥੀਆਂ ਨਾਲ ਵਿਚਾਰ ਚਰਚਾ ਕਰਨੀ। |
| ਫਰਵਰੀ | ਸਾਹਿਤ ਮਾਲਾ:-<br>(1) ਸੁਰਜੀਤ ਪਾਤਰ | ਕਾਵਿ-ਗੁਣ ਪੈਦਾ ਕਰਦੇ ਹੋਏ ਵਿਦਿਆਰਥੀਆਂ ਦੀ ਲਿਖਤ ਰੁਚੀ ਨੂੰ ਪਕੇਰਾ ਕਰਨਾ। | ਗ੍ਰਹਿਣ ਕੀਤੀ ਕਵਿਤਾ ਦੇ ਭਾਵਾਂ ਬਾਰੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨਾ। |
| | ਵਾਰਤਕ:-<br>(1) ਬੇਬੇ ਜੀ | ਵੇਖੀਆਂ ਘਟਨਾਵਾਂ ਨੂੰ ਲਿਖਤ ਰਾਹੀਂ ਬਿਆਨ ਕਰਨ ਦੀ ਸਮਰੱਥਾ ਪੈਦਾ ਕਰਨਾ। | ਬਚਪਨ ਦੀ ਕਿਸੇ ਯਾਦ ਨੂੰ ਵਿਦਿਆਰਥੀਆਂ ਨੂੰ ਲਿਖਣ ਲਈ ਪ੍ਰੇਰਿਤ ਕਰਨਾ। |
| | ਵੰਨਗੀ:-<br>(1) ਬਾਕੀ ਸਭ ਸੁੱਖ-ਸਾਂਦ ਹੈ। (ਕਹਾਣੀ) | ਵਿਦਿਆਰਥੀਆਂ ਅੰਦਰ ਕਹਾਣੀ ਦੇ ਅਸਲ ਉਦੇਸ਼ਾਂ ਨੂੰ ਸਮਝਣ ਅਤੇ ਗ੍ਰਹਿਣ ਕਰਦੇ ਹੋਏ, ਕਹਾਣੀ ਬਿਆਨ ਕਰਨ ਦੀ ਸਮਰੱਥਾ ਪੈਦਾ ਕਰਨਾ। | ਵਿਦਿਆਰਥੀਆਂ ਨੂੰ ਚਿੱਠੀ ਲਿਖਣ ਦੀ ਪ੍ਰੇਰਣਾ ਦੇਣਾ। |
| | ਨਾਵਲ | ਵਿਦਿਆਰਥੀਆਂ ਅੰਦਰ ਘਟਨਾਵਾਂ ਨੂੰ ਇੱਕ ਪੂਰਨ ਇਕਾਈ ਵਿੱਚ ਸਮਝਣ ਅਤੇ ਬਿਆਨ ਕਰਨ ਦੀ ਯੋਗਤਾ ਪੈਦਾ ਕਰਨਾ। | ਨਾਵਲ ਵਿਚਲੀਆਂ ਮੁੱਖ ਘਟਨਾਵਾਂ ਦੀ ਸੂਚੀ ਤਿਆਰ ਕਰਵਾਉਣੀ। |

| ਜਮਾਤ: ਨੌਵੀਂ ਵਿਸ਼ਾ: ਪੰਜਾਬੀ-ਬੀ ਅਕਤੂਬਰ ਤੋਂ ਫਰਵਰੀ | | | |
|---|---|---|---|
| ਮਹੀਨਾ | ਅਧਿਆਇ | ਉਦੇਸ਼ | ਕਿਰਿਆਵਾਂ |
| ਅਕਤੂਬਰ | ਲੇਖ:-<br>(1) ਦੁਸ਼ਹਿਰਾ<br>(2) ਮਹਾਤਮਾ ਗਾਂਧੀ<br>(3) ਮਿੱਠਤ ਨੀਵੀਂ ਨਾਨਕਾ ਗੁਣ ਚੰਗਿਆਈਆਂ ਤੱਤ | ਵਿਦਿਆਰਥੀਆਂ ਨੂੰ ਆਪਣੇ ਅਨੁਭਵਾਂ ਨੂੰ ਉਚਿਤ ਸ਼ਬਦਾਂ ਵਿੱਚ ਲਿਖਣ ਦੇ ਯੋਗ ਬਣਾਉਣਾ। | ਵਿਦਿਆਰਥੀਆਂ ਨੂੰ ਕਿਸੇ ਪ੍ਰਾਪਤ ਅਨੁਭਵ ਨੂੰ ਲਿਖਤ ਰੂਪ ਵਿੱਚ ਬਿਆਨ ਕਰਨ ਲਈ ਪ੍ਰੇਰਿਤ ਕਰਨਾ। |
| | ਪੱਤਰ/ ਬਿਨੈ ਪੱਤਰ :-<br>(1) ਸਕੂਲ ਦੀ ਲਾਇਬਰੇਰੀ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸਕੂਲ ਮੁਖੀ ਨੂੰ ਪੱਤਰ<br>(2) ਪ੍ਰਦੂਸ਼ਣ ਕੰਟਰੋਲ ਬੋਰਡ ਦੇ ਡਾਇਰੈਕਟਰ ਨੂੰ ਆਪਣੇ ਇਲਾਕੇ ਵਿੱਚ ਵੱਧ ਰਹੇ ਪ੍ਰਦੂਸ਼ਣ ਸੰਬੰਧੀ ਪੱਤਰ। | ਵਿਦਿਆਰਥੀਆਂ ਨੂੰ ਰੋਜ਼ਾਨਾ ਜੀਵਨ ਵਿੱਚ ਬਿਨੈ-ਪੱਤਰ ਅਤੇ ਪੱਤਰ ਲਿਖਣ ਦੇ ਯੋਗ ਬਣਾਉਣਾ। | ਵੱਖ-ਵੱਖ ਵਿਸ਼ਿਆਂ ਤੇ ਪੱਤਰ ਲਿਖਣ ਲਈ ਪ੍ਰੇਰਿਤ ਕਰਨਾ। |
| | ਪੈਰ੍ਹਾ ਰਚਨਾ:-<br>ਮਿਲਵਰਤਨ,<br>ਮੇਰੇ ਮਾਤਾ ਜੀ,<br>ਮੇਰਾ ਸਕੂਲ | ਲਿਖਣ ਕਲਾ ਦੇ ਗੁਣ ਵਿਕਸਿਤ ਕਰਨਾ। | ਵੱਖ-ਵੱਖ ਵਿਸ਼ਿਆਂ ਤੇ ਆਪਣੇ ਵਿਚਾਰਾਂ ਨੂੰ ਲਿਖਵਾਉਣਾ। |
| | ਅਖਾਉਤਾਂ:-<br>ਅਖਾਉਤਾਂ ਬਾਰੇ ਮੁੱਢਲੀ ਜਾਣਕਾਰੀ ਅਤੇ ਲਗਭਗ ਦਸ (10) ਅਖਾਉਂਤਾ ਦੀ ਵਾਕਾਂ ਵਿੱਚ ਵਰਤੋਂ। | ਰੋਜ਼ਾਨਾ ਜੀਵਨ ਵਿੱਚ ਅਖੌਤਾਂ ਦੀ ਢੁੱਕਵੀਂ ਵਰਤੋਂ ਦੀ ਸਮਰੱਥਾ ਪੈਦਾ ਕਰਨਾ। | ਮੌਕਾ-ਮੇਲ ਅਨੁਸਾਰ ਉਚਿਤ ਅਖੌਤ ਦੀ ਵਰਤੋਂ ਦਾ ਅਭਿਆਸ ਕਰਵਾਉਣਾ। |
| | ਕਾਰਕ:-<br>ਕਾਰਕ ਦੀ ਪਰਿਭਾਸ਼ਾ ਅਤੇ ਕਿਸਮਾਂ ਦੇ ਨਾਂ।<br>ਕਾਰਕ ਦੀਆਂ ਪਹਿਲੀਆਂ ਚਾਰ ਕਿਸਮਾਂ ਦੀ ਪਰਿਭਾਸ਼ਾ। | ਸ਼ਬਦ ਭੇਦ ਸਮਝਾਉਂਦੇ ਹੋਏ ਵਿਆਕਰਨਿਕ ਤੌਰ ਤੇ ਸ਼ੁੱਧ ਲਿਖਣਾ ਸਿਖਾਉਣਾ। | ਕੁੱਝ ਵਾਕਾਂ ਦੀ ਸਹਾਇਤਾ ਨਾਲ ਕਾਰਕ ਲੱਭਣੇ ਅਤੇ ਕਿਸਮਾਂ ਦਾ ਨਿਖੇੜਾ ਕਰਵਾਉਣਾ। |
| ਨਵੰਬਰ | ਲੇਖ:-<br>(1) ਦੀਵਾਲੀ<br>(2) ਸ੍ਰੀ ਗੁਰੂ ਨਾਨਕ ਦੇਵ ਜੀ<br>(3) ਪੰਜਾਬ ਦੇ ਮੇਲੇ ਅਤੇ ਤਿਉਹਾਰ | ਵਿਦਿਆਰਥੀਆਂ ਨੂੰ ਆਪਣੇ ਅਨੁਭਵਾਂ ਨੂੰ ਸ਼ਬਦਾਂ ਵਿੱਚ ਬਿਆਨ ਕਰਨ ਦੇ ਯੋਗ ਬਣਾਉਣਾ। | ਵਿਦਿਆਰਥੀਆਂ ਨੂੰ ਮਿਲਦੇ-ਜੁਲਦੇ ਹੋਰ ਵਿਸ਼ਿਆਂ ਤੇ ਲੇਖ ਲਿਖਣ ਲਈ ਪ੍ਰੇਰਿਤ ਕਰਨਾ। |
| | ਪੱਤਰ:-<br>(1) ਬੀ. ਐੱਸ. ਐੱਨ. ਐੱਲ ਦੇ ਐਸ.ਡੀ.ਓ ਨੂੰ ਆਪਣੇ ਸਕੂਲ ਦਾ | ਵਿਹਾਰਕ ਜ਼ਿੰਦਗੀ ਵਿੱਚ ਪੱਤਰ ਲਿਖਣ ਯੋਗ ਬਣਾਉਣਾ। | ਹੋਰ ਵਿਸ਼ਿਆਂ ਦੇ ਨਾਲ ਸੰਬੰਧਿਤ ਪੱਤਰ ਲਿਖਣ ਦਾ ਅਭਿਆਸ ਕਰਨ ਲਈ ਕਹਿਣਾ। |

| | | | |
|---|---|---|---|
| | ਇੰਟਰਨੈੱਟ ਕੁਨੈਕਸ਼ਨ ਠੀਕ ਕਰਨ ਲਈ ਪੱਤਰ ਲਿਖੋ।<br>(2) ਤੁਹਾਡੇ ਇਲਾਕੇ ਦੀ ਬੈਂਕ ਦਾ ਏ.ਟੀ. ਐਮ ਅਕਸਰ ਖਰਾਬ ਰਹਿੰਦਾ ਹੈ, ਸੰਬੰਧਿਤ ਬੈਂਕ ਮੈਨੇਜਰ ਨੂੰ ਇਸ ਸਮੱਸਿਆ ਸੰਬੰਧੀ ਸ਼ਿਕਾਇਤ ਪੱਤਰ ਲਿਖੋ। | | |
| | ਪੈਰ੍ਹਾ- ਰਚਨਾ:-<br>ਸਕੂਲ ਵਿੱਚ ਸਫ਼ਾਈ<br>ਸਿੱਖਿਆ ਸਾਧਨ ਵੱਜੋਂ ਕੰਪਿਊਟਰ | ਵਿਦਿਆਰਥੀਆਂ ਅੰਦਰ ਲਿਖਣ ਕਲਾ ਦੇ ਗੁਣ ਵਿਕਸਤ ਕਰਨਾ। | ਵਿਦਿਆਰਥੀਆਂ ਤੋਂ ਵੱਖ-ਵੱਖ ਵਿਸ਼ਿਆਂ ਤੇ ਆਪਣੇ ਵਿਚਾਰਾਂ ਨੂੰ ਲਿਖਵਾਉਣਾ। |
| | ਅਖਾਉਤਾਂ:-<br>ਲਗਭਗ ਵੀਹ ਅਖਾਉਤਾਂ ਦੀ ਵਾਕਾਂ ਵਿੱਚ ਵਰਤੋਂ। | ਰੋਜ਼ਾਨਾ ਜ਼ਿੰਦਗੀ ਵਿੱਚ ਅਖੌਤਾਂ ਦੀ ਢੁੱਕਵੀਂ ਵਰਤੋਂ ਦੀ ਯੋਗਤਾ ਪੈਦਾ ਕਰਨਾ। | ਮੌਕੇ ਅਨੁਸਾਰ ਵਿਦਿਆਰਥੀਆਂ ਨੂੰ ਉਚਿਤ ਅਖੌਤ ਦੀ ਵਰਤੋਂ ਦਾ ਅਭਿਆਸ ਕਰਵਾਉਣਾ। |
| | ਵਾਕ ਬੋਧ:-<br>ਵਾਕ ਦੀ ਪਰਿਭਾਸ਼ਾ ਅਤੇ ਵਾਕ ਦੇ ਹਿੱਸੇ, ਵਾਕ ਦੀਆਂ ਕਿਸਮਾਂ | ਵਾਕ ਨਿਰਮਾਣ ਦੀ ਯੋਗਤਾ ਪੈਦਾ ਕਰਦੇ ਹੋਏ ਸ਼ੁੱਧ ਲਿਖਣ ਯੋਗ ਬਣਾਉਣਾ। | ਨਵੇਂ-ਨਵੇਂ ਵਾਕਾਂ ਦੀ ਰਚਨਾ ਕਰਵਾਉਣਾ। |
| ਦਸੰਬਰ | ਲੇਖ:-<br>(1) ਗੁਰੂ ਗੋਬਿੰਦ ਸਿੰਘ ਜੀ<br>(2) ਅੱਖੀਂ ਦੇਖੇ ਵਿਆਹ ਦਾ ਹਾਲ<br>(3) ਅਜੋਕੇ ਪਿੰਡ | ਵਿਦਿਆਰਥੀਆਂ ਨੂੰ ਆਪਣੇ ਅਨੁਭਵਾਂ ਨੂੰ ਸ਼ਬਦਾਂ ਵਿੱਚ ਬਿਆਨ ਕਰਨ ਦੇ ਯੋਗ ਬਣਾਉਣਾ। | ਵਿਦਿਆਰਥੀਆਂ ਨੂੰ ਨਵੇਂ-ਨਵੇਂ ਵਿਸ਼ਿਆਂ ਤੇ ਲੇਖ ਲਿਖਣ ਲਈ ਪ੍ਰੇਰਿਤ ਕਰਨਾ। |
| | ਪੱਤਰ/ਬਿਨੈ-ਪੱਤਰ:-<br>(1) ਸਿਹਤ ਮੰਤਰੀ ਨੂੰ ਪਿੰਡ ਵਿੱਚ ਹਸਪਤਾਲ ਖੋਲਣ ਲਈ ਪੱਤਰ।<br>(2) ਵਿਦਿਅਕ ਟੂਰ ਲਿਜਾਣ ਲਈ ਸਕੂਲ ਮੁਖੀ ਨੂੰ ਪੱਤਰ। | ਅਸਲ ਜ਼ਿੰਦਗੀ ਵਿੱਚ ਪੱਤਰ ਲਿਖਣ ਦੇ ਯੋਗ ਬਣਾਉਣਾ। | ਹੋਰ ਵਿਸ਼ਿਆਂ ਦੇ ਨਾਲ ਸੰਬੰਧਿਤ ਪੱਤਰ ਲਿਖਣ ਦਾ ਅਭਿਆਸ ਕਰਨ ਲਈ ਕਹਿਣਾ। |
| | ਪੈਰ੍ਹਾ- ਰਚਨਾ:-<br>(1) ਅੱਧੀ ਛੁੱਟੀ ਦਾ ਸਮਾਂ<br>(2) ਸੰਜਮ | ਵਿਦਿਆਰਥੀਆਂ ਅੰਦਰ ਲਿਖਣ ਕਲਾ ਦੇ ਗੁਣ ਵਿਕਸਿਤ ਕਰਨਾ। | ਵਿਦਿਆਰਥੀਆਂ ਨੂੰ ਵੱਖ-ਵੱਖ ਵਿਸ਼ਿਆਂ ਤੇ ਆਪਣੇ ਵਿਚਾਰਾਂ ਨੂੰ ਸੰਖੇਪ ਵਿੱਚ ਲਿਖਣ ਦਾ ਅਭਿਆਸ ਕਰਵਾਉਣਾ। |
| | ਅਖਾਉਤਾਂ:-<br>ਲਗਭਗ 15 ਅਖਾਉਤਾਂ ਦੀ ਵਾਕਾਂ ਵਿੱਚ ਵਰਤੋਂ | ਰੋਜ਼ਾਨਾ ਜ਼ਿੰਦਗੀ ਵਿੱਚ ਅਖੌਤਾਂ ਦੀ ਯੋਗ ਵਰਤੋਂ ਦੀ ਸਮਰੱਥਾ ਪੈਦਾ ਕਰਨਾ। | ਉਚਿਤ ਸਮੇਂ ਉਚਿਤ ਅਖੌਤ ਦੀ ਵਰਤੋਂ ਦਾ ਅਭਿਆਸ ਕਰਵਾਉਣਾ। |
| | ਕਾਰਕ:-<br>ਕਾਰਕ ਦੀਆਂ | ਸ਼ਬਦ ਭੇਦ ਸਮਝਾਉਂਦੇ ਹੋਏ ਵਿਆਕਰਣਿਕ ਤੌਰ 'ਤੇ ਸ਼ੁੱਧ ਲਿਖਣਾ ਸਿਖਾਉਣਾ। | ਕੁੱਝ ਵਾਕਾਂ ਦੀ ਸਹਾਇਤਾ ਨਾਲ ਕਾਰਕ ਲੱਭਣੇ ਅਤੇ |

| | | | |
|---|---|---|---|
| | ਪਿਛਲੀਆਂ ਚਾਰ ਕਿਸਮਾਂ। | | ਕਿਸਮਾਂ ਦਾ ਨਿਖੇੜਾ ਕਰਵਾਉਣਾ। |
| | ਵਾਕ ਬੋਧ:- ਵਾਕ ਵਟਾਂਦਰਾ, ਪਦ ਵੰਡ | ਵਾਕ ਨਿਰਮਾਣ ਦੀ ਯੋਗਤਾ ਪੈਦਾ ਕਰਦੇ ਹੋਏ ਸ਼ੁੱਧ ਲਿਖਣ ਯੋਗ ਬਣਾਉਣਾ। | ਨਵੇਂ-ਨਵੇਂ ਵਾਕਾਂ ਦੀ ਰਚਨਾ ਕਰਵਾਉਣਾ। |
| ਜਨਵਰੀ | ਲੇਖ:-<br>(1) ਲੋਹੜੀ<br>(2) ਮੁਕਤਸਰ ਦਾ ਮੇਲਾ<br>(3) ਗਣਤੰਤਰ ਦਿਵਸ | ਵਿਦਿਆਰਥੀਆਂ ਨੂੰ ਆਪਣੇ ਅਨੁਭਵਾਂ ਨੂੰ ਸ਼ਬਦਾਂ ਵਿੱਚ ਬਿਆਨ ਕਰਨ ਦੇ ਯੋਗ ਬਣਾਉਣਾ। | ਵਿਦਿਆਰਥੀਆਂ ਨੂੰ ਨਵੇਂ-ਨਵੇਂ ਵਿਸ਼ਿਆਂ ਤੇ ਲੇਖ ਲਿਖਣ ਲਈ ਕਹਿਣਾ। |
| | ਪੱਤਰ/ਬਿਨੈ-ਪੱਤਰ:-<br>(1) ਦੂਰਦਰਸ਼ਨ ਕੇਂਦਰ ਦੇ ਡਾਇਰੈਕਟਰ ਨੂੰ ਪੱਤਰ ਲਿਖ ਕੇ ਪ੍ਰੋਗਰਾਮਾਂ ਨੂੰ ਵਧੀਆ ਬਣਾਉਣ ਲਈ ਸਲਾਹ ਦਿਓ।<br>(2) ਸਾਈਕਲ/ ਸਕੂਟਰ/ ਮੋਟਰ ਸਾਈਕਲ ਚੋਰੀ ਹੋਣ ਤੇ ਥਾਣਾ ਮੁੱਖੀ ਨੂੰ ਪੱਤਰ। | ਰੋਜ਼ਾਨਾ ਜ਼ਿੰਦਗੀ ਵਿੱਚ ਪੱਤਰ ਲਿਖਣ ਦੇ ਯੋਗ ਬਣਾਉਣਾ। | ਹੋਰ ਵਿਸ਼ਿਆਂ ਦੇ ਨਾਲ ਸੰਬੰਧਿਤ ਪੱਤਰ ਲਿਖਣ ਦਾ ਅਭਿਆਸ ਕਰਨ ਲਈ ਕਹਿਣਾ। |
| | ਪੈਰ੍ਹਾ ਰਚਨਾ:-<br>ਸਾਂਝ ਕਰੀਜੇ ਗੁਣਹ ਕੇਰੀ,<br>ਵਿਦਿਆ ਵੀਚਾਰੀ ਤਾਂ ਪਰਉਪਕਾਰੀ | ਵਿਦਿਆਰਥੀਆਂ ਅੰਦਰ ਲਿਖਣ ਕਲਾ ਦੇ ਗੁਣ ਵਿਕਸਤ ਕਰਨਾ। | ਵਿਦਿਆਰਥੀਆਂ ਤੋਂ ਵੱਖ-ਵੱਖ ਵਿਸ਼ਿਆਂ ਤੇ ਆਪਣੇ ਵਿਚਾਰਾਂ ਨੂੰ ਲਿਖਵਾਉਣਾ। |
| | ਅਖਾਉਤਾਂ:-<br>ਲਗਭਗ 15 ਅਖਾਉਤਾਂ ਦੀ ਵਾਕਾਂ ਵਿੱਚ ਵਰਤੋਂ। | ਰੋਜ਼ਾਨਾ ਜ਼ਿੰਦਗੀ ਵਿੱਚ ਅਖੌਤਾਂ ਦੀ ਯੋਗ ਵਰਤੋਂ ਦੀ ਸਮਰੱਥਾ ਪੈਦਾ ਕਰਨਾ। | ਉਚਿਤ ਸਮੇਂ ਉਚਿਤ ਅਖੌਤ ਦੀ ਵਰਤੋਂ ਦਾ ਅਭਿਆਸ ਕਰਵਾਉਣਾ। |
| | ਸ਼ਬਦ ਰਚਨਾ:-<br>ਸਮਾਸੀ ਸ਼ਬਦ, ਉਤਪੰਨ ਸ਼ਬਦ | ਵਿਦਿਆਰਥੀਆਂ ਦੇ ਸ਼ਬਦ ਗਿਆਨ ਭੰਡਾਰ ਵਿੱਚ ਵਾਧਾ ਕਰਨਾ। | ਨਵੇਂ-ਨਵੇਂ ਸ਼ਬਦਾਂ ਦੀ ਰਚਨਾ ਕਰਵਾਉਣਾ। |
| ਫਰਵਰੀ | ਲੇਖ:-<br>ਪੜ੍ਹਾਈ ਦਾ ਮਹੱਤਵ | ਵਿਦਿਆਰਥੀਆਂ ਨੂੰ ਆਪਣੇ ਅਨੁਭਵਾਂ ਨੂੰ ਸ਼ਬਦਾਂ ਵਿੱਚ ਬਿਆਨ ਕਰਨ ਦੇ ਯੋਗ ਬਣਾਉਣਾ। | ਵਿਦਿਆਰਥੀਆਂ ਨੂੰ ਨਵੇਂ-ਨਵੇਂ ਵਿਸ਼ਿਆਂ ਤੇ ਲੇਖ ਲਿਖਣ ਲਈ ਕਹਿਣਾ। |
| | ਪੈਰ੍ਹਾ ਰਚਨਾ:-<br>ਪਵਣੁ ਗੁਰੂ ਪਾਣੀ ਪਿਤਾ | ਵਿਦਿਆਰਥੀਆਂ ਅੰਦਰ ਲਿਖਣ ਕਲਾ ਦੇ ਗੁਣ ਵਿਕਸਤ ਕਰਨਾ। | ਵਿਦਿਆਰਥੀਆਂ ਤੋਂ ਵੱਖ-ਵੱਖ ਵਿਸ਼ਿਆਂ ਤੇ ਆਪਣੇ ਵਿਚਾਰਾਂ ਨੂੰ ਲਿਖਵਾਉਣਾ। |
| | ਅਖਾਉਤਾਂ:-<br>ਲਗਭਗ ਵੀਹ ਅਖਾਉਤਾਂ ਦੀ ਵਾਕਾਂ ਵਿੱਚ ਵਰਤੋਂ।<br>ਪਿਛਲੇ ਮਹੀਨਿਆਂ ਦੇ ਸਿਲੇਬਸ ਦੀ ਦੁਹਰਾਈ। | ਰੋਜ਼ਾਨਾ ਜ਼ਿੰਦਗੀ ਵਿੱਚ ਅਖੌਤਾਂ ਦੀ ਯੋਗ ਵਰਤੋਂ ਦੀ ਸਮਰੱਥਾ ਪੈਦਾ ਕਰਨਾ। | ਉਚਿਤ ਸਮੇਂ ਉਚਿਤ ਅਖੌਤ ਦੀ ਵਰਤੋਂ ਦਾ ਅਭਿਆਸ ਕਰਵਾਉਣਾ। |
| ਮਾਰਚ | ਦੁਹਰਾਈ ਅਤੇ ਸਲਾਨਾ ਪ੍ਰੀਖਿਆ | | |

| ਜਮਾਤ : ਦਸਵੀਂ ਵਿਸ਼ਾ: ਪੰਜਾਬੀ (ਏ) ਅਕਤੂਬਰ ਤੋਂ ਫਰਵਰੀ | | | |
|---|---|---|---|
| **ਮਹੀਨਾ** | **ਅਧਿਆਇ** | **ਉਦੇਸ਼** | **ਕਿਰਿਆਵਾਂ** |
| ਅਕਤੂਬਰ | ਸਾਹਿਤ ਮਾਲਾ:-<br>(1) ਬੁੱਲ੍ਹੇ ਸ਼ਾਹ<br>(2) ਪੀਲੂ | ਵਿਦਿਆਰਥੀਆਂ ਅੰਦਰ ਸੁਹਜ ਪ੍ਰਵਿਰਤੀ ਨੂੰ ਪ੍ਰਬਲ ਕਰਦੇ ਹੋਏ ਕਾਵਿ-ਗੁਣਾਂ ਨੂੰ ਵਿਕਸਿਤ ਕਰਨਾ। | ਵਿਦਿਆਰਥੀਆਂ ਨੂੰ ਸੰਬੰਧਿਤ ਕਵੀਆਂ ਦੀ ਜੀਵਨ ਝਲਕ ਅਤੇ ਰਚਨਾਵਾਂ ਬਾਰੇ ਪੜ੍ਹਨ ਲਈ ਕਹਿਣਾ। |
| | ਵਾਰਤਕ:-<br>(1) ਬਾਬਾ ਰਾਮ ਸਿੰਘ ਕੂਕਾ | ਵਿਦਿਆਰਥੀਆਂ ਅੰਦਰ ਵਾਰਤਕ ਲਿਖਣ ਦੀ ਰੁਚੀ ਪੈਦਾ ਕਰਨਾ। | ਵਿਦਿਆਰਥੀਆਂ ਨੂੰ ਉਪ-ਵਿਸ਼ੇ ਨਾਲ ਮਿਲਦੇ ਜੁਲਦੇ ਵਿਸ਼ੇ 'ਤੇ ਲਿਖਣ ਲਈ ਕਹਿਣਾ। |
| | ਵੰਨਗੀ:-<br>ਬੰਮ ਬਹਾਦਰ (ਕਹਾਣੀ) | ਕਹਾਣੀਆਂ ਸਮਝਣ ਦੀ ਯੋਗਤਾ ਪੈਦਾ ਕਰਦੇ ਹੋਏ ਨਿੱਕੀ ਵਾਰਤਾ ਲਿਖਣ ਦੀ ਸਮੱਰਥਾ ਪੈਦਾ ਕਰਨਾ। | ਕਿਸੇ ਘਟਨਾ ਨੂੰ ਕਹਾਣੀ ਰੂਪ 'ਚ ਲਿਖਣ ਲਈ ਕਹਿਣਾ। |
| | ਨਾਵਲ:-<br>ਕਾਂਡ-ਤਿੰਨ ਸ਼ਾਮ | ਵਿਦਿਆਰਥੀਆਂ ਅੰਦਰ ਘਟਨਾਵਾਂ ਨੂੰ ਇੱਕ ਪੂਰਨ ਇਕਾਈ ਵਿੱਚ ਸਮਝਣ ਅਤੇ ਬਿਆਨ ਕਰਨ ਦੀ ਯੋਗਤਾ ਪੈਦਾ ਕਰਨਾ। | ਨਾਵਲ ਵਿਚਲੀਆਂ ਮੁੱਖ ਘਟਨਾਵਾਂ ਦੀ ਸੂਚੀ ਤਿਆਰ ਕਰਵਾਉਣੀ। |
| ਨਵੰਬਰ | ਸਾਹਿਤ ਮਾਲਾ:-<br>(1) ਵਾਰਿਸ ਸ਼ਾਹ<br>(2) ਹਾਸ਼ਮ ਸ਼ਾਹ | ਵਿਦਿਆਰਥੀਆਂ ਅੰਦਰ ਕਿੱਸਾ ਕਾਵਿ ਪ੍ਰਤੀ ਰੁਚੀ ਪੈਦਾ ਕਰਨਾ।<br>ਵਿਦਿਆਰਥੀਆਂ ਵਿੱਚ ਲੈਅ-ਸੁਰ ਨਾਲ ਪੜ੍ਹਨ ਦੀ ਰੁਚੀ ਪੈਦਾ ਕਰਨਾ। | ਕਿੱਸੇ ਦੇ ਨਾਇਕ-ਨਾਇਕਾ ਦੀ ਭੂਮਿਕਾ ਬਾਰੇ ਵਿਚਾਰ ਚਰਚਾ ਕਰਵਾਉਣੀ।<br>ਕਿਸੇ ਹੋਰ ਕਵਿਤਾ ਦੀ ਤੁਕ-ਬੰਦੀ ਕਰਨ ਲਈ ਕਹਿਣਾ। |
| | ਵਾਰਤਕ:-<br>(1) ਮਹਾਂਕਵੀ ਕਾਲੀਦਾਸ | ਵਿਦਿਆਰਥੀਆਂ ਅੰਦਰ ਕਾਵਿ-ਗੁਣਾਂ ਨੂੰ ਵਿਕਸਤ ਕਰਨਾ। | ਲਾਇਬਰੇਰੀ ਦੀ ਸਹਾਇਤਾ ਨਾਲ ਕਿਸੇ ਕਾਵਿ ਪੁਸਤਕ ਬਾਰੇ ਵਿਚਾਰ ਚਰਚਾ ਕਰਨਾ। |
| | ਇਕਾਂਗੀ:-<br>(1) ਸਮੁੰਦਰੋਂ ਪਾਰ | ਵਿਦਿਆਰਥੀਆਂ ਨੂੰ ਸਾਹਿਤ ਦੀ ਵਿਧਾ ਇਕਾਂਗੀ ਬਾਰੇ ਦੱਸਦੇ ਹੋਏ ਉਨ੍ਹਾਂ ਵਿੱਚ ਸ਼ੁੱਧ ਸੰਵਾਦ ਅਤੇ ਨਾਟਕੀ ਸੰਵਾਦਾਂ ਨੂੰ ਗ੍ਰਹਿਣ ਅਤੇ ਪ੍ਰਸਤੁਤੀ ਕਰਨ ਦੀ ਯੋਗਤਾ ਪੈਦਾ ਕਰਨਾ। | ਇਕਾਂਗੀ ਦੇ ਕਿਸੇ ਢੁੱਕਵੇਂ ਭਾਗ ਦਾ ਨਾਟਕੀ ਰੁਪਾਂਤਰਣ ਰਾਹੀਂ ਪ੍ਰਸਤੁਤੀਕਰਨ ਕਰਵਾਉਣਾ। |
| | ਨਾਵਲ:-<br>ਕਾਂਡ- ਦੋ- ਦੁਪਹਿਰ | ਵਿਦਿਆਰਥੀਆਂ ਅੰਦਰ ਨਾਵਲ ਵਿਧਾ ਰਾਹੀਂ ਸੰਪੂਰਨ ਕਹਾਣੀ ਨੂੰ ਸਮਝਣ ਅਤੇ ਸਥਾਈਕਰਨ ਦੇ ਯੋਗ ਬਣਾਉਣਾ। | ਸੰਬੰਧਿਤ ਅੰਕ ਦੇ ਕਿਸੇ ਇੱਕ ਪਾਤਰ ਦੀ ਭੂਮਿਕਾ ਬਾਰੇ ਵਿਚਾਰ ਚਰਚਾ ਕਰਵਾਉਣਾ। |
| ਦਸੰਬਰ | ਸਾਹਿਤ ਮਾਲਾ:-<br>(1) ਕਾਦਰਯਾਰ | ਵਿਦਿਆਰਥੀਆਂ ਅੰਦਰ ਸੁਹਜ ਪ੍ਰਵਿਰਤੀ ਨੂੰ ਪ੍ਰਬਲ ਕਰਦੇ ਹੋਏ ਕਾਵਿ-ਗੁਣਾਂ ਨੂੰ ਵਿਕਸਿਤ ਕਰਨਾ। | ਵਿਦਿਆਰਥੀਆਂ ਨੂੰ ਸੰਬੰਧਿਤ ਕਿੱਸਾਕਾਰ ਦੀ ਜੀਵਨ ਝਲਕ ਅਤੇ ਰਚਨਾਵਾਂ ਬਾਰੇ ਪੜ੍ਹਨ ਲਈ ਕਹਿਣਾ। |
| | ਵਾਰਤਕ:-<br>ਮੇਰੇ ਵੱਡੇ ਵਡੇਰੇ | ਵਿਦਿਆਰਥੀਆਂ ਅੰਦਰ ਵਾਰਤਕ ਲਿਖਣ ਦੀ ਰੁਚੀ ਪੈਦਾ ਕਰਨਾ। | ਵਿਦਿਆਰਥੀਆਂ ਨੂੰ ਉਪ-ਵਿਸ਼ੇ ਨਾਲ ਮਿਲਦੇ ਜੁਲਦੇ ਵਿਸ਼ੇ 'ਤੇ ਲਿਖਣ ਲਈ ਕਹਿਣਾ। |
| | ਵੰਨਗੀ:-<br>(1) ਬਾਗੀ ਦੀ ਧੀ | ਵਿਦਿਆਰਥੀਆਂ ਵਿੱਚ ਕਹਾਣੀ ਪ੍ਰਤੀ ਰੁਚੀ ਪੈਦਾ ਕਰਨਾ। | ਲਾਇਬਰੇਰੀ ਵਿੱਚੋਂ ਕੋਈ ਹੋਰ ਕਹਾਣੀ ਦੀ ਪੁਸਤਕ ਲੈ ਕੇ ਪੜ੍ਹਨ ਲਈ ਕਹਿਣਾ। |
| | (2) ਜ਼ਫਰਨਾਮਾ | ਵਿਦਿਆਰਥੀਆਂ ਅੰਦਰ ਸੰਵਾਦ ਰਚਨਾ ਦੀ ਸਮੱਰਥਾ ਪੈਦਾ ਕਰਨਾ। | ਪਾਤਰਾਂ ਦੇ ਨਾਟਕੀ ਢੰਗ ਨਾਲ ਵਿਦਿਆਰਥੀਆਂ ਨੂੰ ਇਕਾਂਗੀ ਦੇ ਕਿਸੇ ਇੱਕ ਹਿੱਸੇ ਨੂੰ ਪੜ੍ਹਨ ਲਈ ਪ੍ਰੇਰਿਤ ਕਰਨਾ। |
| | ਨਾਵਲ:- | ਵਿਦਿਆਰਥੀਆਂ ਅੰਦਰ ਘਟਨਾਵਾਂ ਨੂੰ | ਨਾਵਲ ਵਿਚਲੀਆਂ ਮੁੱਖ ਘਟਨਾਵਾਂ ਦੀ |

| | | | |
|---|---|---|---|
| | ਕਾਂਡ- ਤਿੰਨ ਸ਼ਾਮ | ਇੱਕ ਪੂਰਨ ਇਕਾਈ ਵਿੱਚ ਸਮਝਣ ਅਤੇ ਬਿਆਨ ਕਰਨ ਦੀ ਯੋਗਤਾ ਪੈਦਾ ਕਰਨਾ। | ਸੂਚੀ ਤਿਆਰ ਕਰਵਾਉਣੀ। |
| ਜਨਵਰੀ | ਸਾਹਿਤ ਮਾਲਾ:- ਗੁਰੂ ਗੋਬਿੰਦ ਸਿੰਘ ਜੀ | ਵਿਦਿਆਰਥੀਆਂ ਵਿੱਚ ਬੀਰ ਕਾਵਿ ਪ੍ਰਤੀ ਰੁਚੀ ਪੈਦਾ ਕਰਨਾ। | ਬੀਰ ਰਸ ਨਾਲ ਭਰਪੂਰ ਕਿਸੇ ਹੋਰ ਕਾਵਿ ਰਚਨਾ ਨੂੰ ਬਿਆਨ ਕਰਨਾ। |
| | ਵਾਰਤਕ:- (1) ਤੁਰਨ ਦਾ ਹੁਨਰ | ਵਿਦਿਆਰਥੀ ਅੰਦਰ ਵਾਰਤਕ ਲਿਖਣ ਦੀ ਰੁਚੀ ਪੈਦਾ ਕਰਨਾ। | ਵਿਦਿਆਰਥੀਆਂ ਨੂੰ ਉੱਪ ਵਿਸ਼ੇ ਨਾਲ ਮਿਲਦੇ-ਜੁਲਦੇ ਵਿਸ਼ੇ 'ਤੇ ਲਿਖਣ ਲਈ ਕਹਿਣਾ। |
| | ਵੰਨਗੀ:- (1) ਧਰਤੀ ਹੇਠਲਾ ਬਲਦ (ਕਹਾਣੀ) | ਕਹਾਣੀ ਕਲਾ ਦੀ ਵਿਧਾ ਨੂੰ ਸਮਝਦੇ ਹੋਏ ਧਰਤੀ ਹੇਠਲਾ ਬਲਦ ਕਹਾਣੀ ਦੇ ਉਦੇਸ਼ ਨੂੰ ਪ੍ਰਸਤੁਤ ਕਰਨਾ। | ਵਿਦਿਆਰਥੀਆਂ ਨੂੰ ਇਸ ਕਹਾਣੀ ਨਾਲ ਮਿਲਦੀ-ਜੁਲਦੀ ਕੋਈ ਹੋਰ ਘਟਨਾ ਸੁਣਾਉਣ ਲਈ ਕਹਿਣਾ। |
| | ਇਕਾਂਗੀ:- (1) ਦੂਜਾ ਵਿਆਹ | ਸਾਹਿਤ ਦੀ ਵਿਧਾ ਇਕਾਂਗੀ ਬਾਰੇ ਦੱਸਦੇ ਹੋਏ ਸ਼ੁੱਧ ਸੰਵਾਦ ਅਤੇ ਨਾਟਕੀ ਸੰਵਾਦਾਂ ਨੂੰ ਗ੍ਰਹਿਣ ਅਤੇ ਪ੍ਰਸਤੁਤੀ ਕਰਨ ਦੀ ਯੋਗਤਾ ਪੈਦਾ ਕਰਨਾ। | ਇਕਾਂਗੀ ਦੇ ਕਿਸੇ ਢੁੱਕਵੇਂ ਭਾਗ ਦਾ ਨਾਟਕੀ ਰੁਪਾਂਤਰਣ ਰਾਹੀਂ ਪ੍ਰਸਤੁਤੀਕਰਣ ਕਰਨਾ। |
| | ਨਾਵਲ:- ਕਾਂਡ- ਤਿੰਨ ਸ਼ਾਮ | ਵਿਦਿਆਰਥੀਆਂ ਅੰਦਰ ਘਟਨਾਵਾਂ ਨੂੰ ਇੱਕ ਪੂਰਨ, ਇਕਾਈ ਵਿੱਚ ਸਮਝਣ ਅਤੇ ਬਿਆਨ ਕਰਨ ਦੀ ਯੋਗਤਾ ਪੈਦਾ ਕਰਨਾ। | ਨਾਵਲ ਦੇ ਹੱਥਲੇ ਅੰਕ ਵਿੱਚੋਂ ਮਹੱਤਵਪੂਰਨ ਵਾਰਤਾਲਾਪਾਂ ਦੀ ਚੋਣ ਕਰਕੇ ਵਿਚਾਰ ਚਰਚਾ ਕਰਨੀ। |
| ਫਰਵਰੀ | (1) ਸ਼ਾਹ ਮੁਹੰਮਦ | ਵਿਦਿਆਰਥੀਆਂ ਅੰਦਰ ਬੀਰ ਕਾਵਿ ਪ੍ਰਤੀ ਰੁਚੀ ਪੈਦਾ ਕਰਨਾ। | ਬੀਰ ਰਸ ਨਾਲ ਭਰਪੂਰ ਕਿਸੇ ਹੋਰ ਕਾਵਿ ਰਚਨਾ ਨੂੰ ਬਿਆਨ ਕਰਨਾ। |
| | (2) ਇੱਕ ਪੈਰ ਘੱਟ ਤੁਰਨਾ | ਵਿਦਿਆਰਥੀਆਂ ਅੰਦਰ ਕਹਾਣੀ ਪ੍ਰਤੀ ਰੁਚੀ/ਸੂਝ-ਬੂਝ ਪੈਦਾ ਕਰਨੀ। | ਵਿਦਿਆਰਥੀਆਂ ਨੂੰ ਕਹਾਣੀ ਦੇ ਸੰਦਰਭ ਵਿੱਚ ਕਿਸੇ ਹੋਰ ਘਟਨਾ ਪ੍ਰਤੀ ਵਿਚਾਰ ਚਰਚਾ ਕਰਨ ਲਈ ਕਹਿਣਾ। |
| | ਨਾਵਲ:- ਕਾਂਡ - ਤਿੰਨ ਸ਼ਾਮ | ਵਿਦਿਆਰਥੀਆਂ ਅੰਦਰ ਘਟਨਾਵਾਂ ਨੂੰ ਇੱਕ ਪੂਰਨ ਇਕਾਈ ਵਿੱਚ ਸਮਝਣ ਅਤੇ ਬਿਆਨ ਕਰਨ ਦੀ ਯੋਗਤਾ ਪੈਦਾ ਕਰਨਾ। | ਨਾਵਲ ਦੇ ਹੱਥਲੇ ਅੰਕ ਵਿੱਚੋਂ ਮਹੱਤਵਪੂਰਨ ਵਾਰਤਾਲਾਪਾਂ ਦੀ ਚੋਣ ਕਰਕੇ ਵਿਚਾਰ ਚਰਚਾ ਕਰਨੀ। |

| ਜਮਾਤ : ਦਸਵੀਂ | ਵਿਸ਼ਾ : ਪੰਜਾਬੀ (ਬੀ) | ਅਕਤੂਬਰ ਤੋਂ ਫਰਵਰੀ | |
|---|---|---|---|
| **ਮਹੀਨਾ** | **ਅਧਿਆਇ** | **ਉਦੇਸ਼** | **ਕਿਰਿਆਵਾਂ** |
| ਅਕਤੂਬਰ | ਲੇਖ:-<br>(1) ਮਹਾਤਮਾ ਗਾਂਧੀ<br>(2) ਦੁਸ਼ਹਿਰਾ<br>(3) ਪੰਜਾਬ ਦੇ ਮੇਲੇ<br>(4) ਭਰੂਣ ਹੱਤਿਆ | ਵਿਦਿਆਰਥੀਆਂ ਨੂੰ ਆਪਣੇ ਅਨੁਭਵਾਂ ਨੂੰ ਸ਼ਬਦਾਂ ਵਿੱਚ ਬਿਆਨ ਕਰਨ ਦੇ ਯੋਗ ਬਣਾਉਣਾ। | ਵਿਦਿਆਰਥੀਆਂ ਨੂੰ ਮਿਲਦੇ-ਜੁਲਦੇ ਹੋਰ ਵਿਸ਼ਿਆਂ ਤੇ ਲੇਖ ਲਿਖਣ ਲਈ ਪ੍ਰੇਰਿਤ ਕਰਨਾ। |
| | ਪੱਤਰ/ਬਿਨੈ-ਪੱਤਰ:-<br>(1) ਮੁੱਖ ਅਧਿਆਪਕ/ਪ੍ਰਿੰਸੀਪਲ ਨੂੰ ਫੀਸ/ ਜ਼ੁਰਮਾਨਾ ਮੁਆਫੀ ਲਈ।<br>(2) ਕਿਸੇ ਅਖਬਾਰ ਦੇ ਸੰਪਾਦਕ ਨੂੰ ਨਿੱਤ ਵਰਤੋਂ ਦੀਆਂ ਚੀਜ਼ਾਂ ਵਿੱਚ ਕੀਤੀ ਜਾਂਦੀ ਮਿਲਾਵਟ ਬਾਰੇ।<br>(3) ਨਗਰਪਾਲਿਕਾ ਦੇ ਪ੍ਰਧਾਨ ਨੂੰ ਬੱਸ ਅੱਡੇ ਦੀ ਦੁਰਦਸ਼ਾ ਸੰਬੰਧੀ ਪੱਤਰ। | ਰੋਜ਼ਾਨਾ ਜ਼ਿੰਦਗੀ ਵਿੱਚ ਪੱਤਰ ਲਿਖਣ ਦੇ ਯੋਗ ਬਣਾਉਣਾ। | ਹੋਰ ਵਿਸ਼ਿਆਂ ਦੇ ਨਾਲ ਸੰਬੰਧਿਤ ਪੱਤਰ ਲਿਖਣ ਦਾ ਅਭਿਆਸ ਕਰਨ ਲਈ ਕਹਿਣਾ। |
| | ਸੰਖੇਪ ਰਚਨਾ:-<br>ਦੋ ਪਹਿਰਿਆਂ ਦਾ ਅਭਿਆਸ। | ਵਿਦਿਆਰਥੀਆਂ ਵਿੱਚ ਸੰਖੇਪਤਾ ਦਾ ਗੁਣ ਪੈਦਾ ਕਰਨਾ। | ਕਿਸੇ ਰਚਨਾ ਨੂੰ ਸੰਖੇਪ ਵਿੱਚ ਲਿਖਣ ਅਤੇ ਬੋਲਣ ਲਈ ਪ੍ਰੇਰਿਤ ਕਰਨਾ। |
| | ਮੁਹਾਵਰੇ:-<br>ਚ, ਛ, ਜ, ਝ ਅੱਖਰਾਂ ਤੋਂ ਸ਼ੁਰੂ ਹੋਣ ਵਾਲੇ ਮੁਹਾਵਰਿਆਂ ਦੀ ਵਰਤੋਂ ਤੇ ਜਾਣਕਾਰੀ। | ਰੋਜ਼ਾਨਾ ਜੀਵਨ ਵਿੱਚ ਮੁਹਾਵਰਿਆਂ ਦੀ ਵਰਤੋਂ ਦੀ ਸਮਰੱਥਾ ਪੈਦਾ ਕਰਨਾ। | ਮੁਹਾਵਰਿਆਂ ਦੇ ਹੋਰ ਵੱਖ-ਵੱਖ ਵਾਕ ਬਣਵਾਉਣਾ। |
| | ਵਿਆਕਰਨ:-<br>ਲਿਪੀ ਅਤੇ ਗੁਰਮੁੱਖੀ ਲਿਪੀ ਬਾਰੇ ਜਾਣਕਾਰੀ, ਵਰਨ ਜਾਂ ਅੱਖਰ ਦੀਆਂ ਕਿਸਮਾਂ।<br>ਨੋਟ:- ਲਿਪੀ ਅਤੇ ਗੁਰਮੁੱਖੀ ਲਿਪੀ, ਸ਼ਬਦ ਬੋਧ, ਅਰਥ ਬੋਧ ਅਤੇ ਕਾਲ ਵਾਲੇ ਹਿੱਸੇ ਪੜ੍ਹਾਉਂਦਿਆਂ, ਵਸਤੂ ਨਿਸ਼ਠ ਪ੍ਰਸ਼ਨ ਨਾਲੋ-ਨਾਲ ਕਰਵਾਏ ਜਾਣ। | ਸ਼ੁੱਧ ਭਾਸ਼ਾ ਲਿਖਣ ਅਤੇ ਬੋਲਣ ਲਈ ਵਿਆਕਰਣਿਕ ਨਿਯਮਾਂ ਦੀ ਸਹੀ ਵਰਤੋਂ ਦੇ ਯੋਗ ਬਣਾਉਣਾ। | ਸ਼ਬਦਾਂ ਦੇ ਸੁਮੇਲ ਤੋਂ ਨਿੱਕੇ-ਨਿੱਕੇ ਵਾਕਾਂ ਦੀ ਰਚਨਾ ਦਾ ਅਭਿਆਸ ਕਰਵਾਉਣਾ। |
| ਨਵੰਬਰ | ਲੇਖ:-<br>(1) ਸ੍ਰੀ ਗੁਰੂ ਨਾਨਕ ਦੇਵ ਜੀ<br>(2) ਗੁਰੂ ਤੇਗ ਬਹਾਦਰ ਜੀ<br>(3) ਪੰਡਤ ਜਵਾਹਰ ਲਾਲ ਨਹਿਰੂ<br>(4) ਦੀਵਾਲੀ | ਵਿਦਿਆਰਥੀਆਂ ਨੂੰ ਆਪਣੇ ਅਨੁਭਵਾਂ ਨੂੰ ਸ਼ਬਦਾਂ ਵਿੱਚ ਬਿਆਨ ਕਰਨ ਦੇ ਯੋਗ ਬਣਾਉਣਾ। | ਵਿਦਿਆਰਥੀਆਂ ਨੂੰ ਮਿਲਦੇ-ਜੁਲਦੇ ਹੋਰ ਵਿਸ਼ਿਆਂ ਤੇ ਲੇਖ ਲਿਖਣ ਲਈ ਪ੍ਰੇਰਿਤ ਕਰਨਾ। |
| | ਪੱਤਰ/ਬਿਨੈ-ਪੱਤਰ:-<br>(1) ਕਿਸੇ ਪ੍ਰਾਈਵੇਟ ਕੰਪਨੀ ਦੇ ਮੈਨੇਜਰ ਨੂੰ ਆਪਣੀ ਯੋਗਤਾ ਦੱਸਦੇ ਹੋਏ ਨੌਕਰੀ ਲੈਣ ਸੰਬੰਧੀ ਅਰਜੀ।<br>(2) ਸਿਹਤ ਮੰਤਰੀ ਨੂੰ ਹਸਪਤਾਲ ਖੋਲਣ ਲਈ ਪੱਤਰ।<br>(3) ਅਖਬਾਰ ਦੇ ਸੰਪਾਦਕ ਨੂੰ ਸੜਕ ਦੁਰਘਟਨਾਵਾਂ ਬਾਰੇ ਨਿਯਮਾਂ ਦੀ ਜਾਣਕਾਰੀ ਸੰਬੰਧੀ ਪੱਤਰ। | ਰੋਜ਼ਾਨਾ ਜ਼ਿੰਦਗੀ ਵਿੱਚ ਪੱਤਰ ਲਿਖਣ ਦੇ ਯੋਗ ਬਣਾਉਣਾ। | ਹੋਰ ਵਿਸ਼ਿਆਂ ਦੇ ਨਾਲ ਸੰਬੰਧਿਤ ਪੱਤਰ ਲਿਖਣ ਦਾ ਅਭਿਆਸ ਕਰਨ ਲਈ ਕਹਿਣਾ। |

| | | | |
|---|---|---|---|
| | ਮੁਹਾਵਰੇ:-<br>ਟ, ਠ, ਡ, ਢ ਅੱਖਰਾਂ ਤੋਂ ਸ਼ੁਰੂ ਹੋਣ ਵਾਲੇ ਮੁਹਾਵਰਿਆਂ ਦੀ ਵਾਕਾਂ ਵਿੱਚ ਵਰਤੋਂ ਦਾ ਅਭਿਆਸ। | ਰੋਜ਼ਾਨਾ ਜੀਵਨ ਵਿੱਚ ਮੁਹਾਵਰਿਆਂ ਦੀ ਵਰਤੋਂ ਦੀ ਸਮਰੱਥਾ ਪੈਦਾ ਕਰਨਾ। | ਮੁਹਾਵਰਿਆਂ ਦੇ ਹੋਰ ਵੱਖ-ਵੱਖ ਵਾਕ ਬਣਵਾਉਣਾ। |
| | ਵਿਆਕਰਣ:-<br>ਲਗਾਂ ਤੇ ਲਗਾਖਰ (ਬਿੰਦੀ, ਟਿੱਪੀ, ਅੱਧਕ)<br>ਸਮਾਨਾਰਥਕ ਸ਼ਬਦ<br>ਕਿਰਿਆ ਦੀ ਪਰਿਭਾਸ਼ਾ ਅਤੇ ਕਿਸਮਾਂ | ਸ਼ੁੱਧ ਭਾਸ਼ਾ ਲਿਖਣ ਅਤੇ ਬੋਲਣ ਲਈ ਵਿਆਕਰਣਿਕ ਨਿਯਮਾਂ ਦੀ ਸਹੀ ਵਰਤੋਂ ਦੇ ਯੋਗ ਬਣਾਉਣਾ। | ਸ਼ਬਦਾਂ ਦੇ ਸੁਮੇਲ ਤੋਂ ਨਿੱਕੇ-ਨਿੱਕੇ ਵਾਕਾਂ ਦੀ ਰਚਨਾ ਦਾ ਅਭਿਆਸ ਕਰਵਾਉਣਾ। |
| ਦਸੰਬਰ | ਲੇਖ:-<br>(1) ਵਿਗਿਆਨ ਅਤੇ ਮਨੁੱਖ<br>(2) ਵਹਿਮਾਂ ਭਰਮਾਂ ਦੀ ਸਮੱਸਿਆ<br>(3) ਪ੍ਰਦੂਸ਼ਣ | ਵਿਦਿਆਰਥੀਆਂ ਨੂੰ ਆਪਣੇ ਅਨੁਭਵਾਂ ਨੂੰ ਸ਼ਬਦਾਂ ਵਿੱਚ ਬਿਆਨ ਕਰਨ ਦੇ ਯੋਗ ਬਣਾਉਣਾ। | ਵਿਦਿਆਰਥੀਆਂ ਨੂੰ ਮਿਲਦੇ-ਜੁਲਦੇ ਹੋਰ ਵਿਸ਼ਿਆਂ ਤੇ ਲੇਖ ਲਿਖਣ ਲਈ ਪ੍ਰੇਰਿਤ ਕਰਨਾ। |
| | ਪੱਤਰ/ਬਿਨੈ-ਪੱਤਰ:-<br>(1) ਵਿਦਿਅਕ ਟੂਰ ਲਿਜਾਣ ਸੰਬੰਧੀ ਅਰਜੀ।<br>(2) ਥਾਣੇਦਾਰ ਨੂੰ ਘਰ ਵਿੱਚ ਹੋਈ ਚੋਰੀ ਸੰਬੰਧੀ ਸੂਚਨਾ ਦੇਣ ਬਾਰੇ<br>(3) ਇਲਾਕੇ ਵਿੱਚ ਲੜਕੀਆਂ ਦਾ ਕਾਲਜ ਖੋਲਣ ਲਈ ਸਿੱਖਿਆ ਮੰਤਰੀ ਨੂੰ ਪੱਤਰ | ਰੋਜ਼ਾਨਾ ਜ਼ਿੰਦਗੀ ਵਿੱਚ ਪੱਤਰ ਲਿਖਣ ਦੇ ਯੋਗ ਬਣਾਉਣਾ। | ਹੋਰ ਵਿਸ਼ਿਆਂ ਦੇ ਨਾਲ ਸੰਬੰਧਿਤ ਪੱਤਰ ਲਿਖਣ ਦਾ ਅਭਿਆਸ ਕਰਨ ਲਈ ਕਹਿਣਾ। |
| | ਸੰਖੇਪ ਰਚਨਾ:-<br>ਦੋ ਪਹਿਰਿਆਂ ਦਾ ਅਭਿਆਸ | ਵਿਦਿਆਰਥੀਆਂ ਵਿੱਚ ਸੰਖੇਪਤਾ ਦਾ ਗੁਣ ਪੈਦਾ ਕਰਨਾ। | ਕਿਸੇ ਰਚਨਾ ਨੂੰ ਸੰਖੇਪ ਵਿੱਚ ਲਿਖਣ ਅਤੇ ਬੋਲਣ ਲਈ ਪ੍ਰੇਰਿਤ ਕਰਨਾ। |
| | ਮੁਹਾਵਰੇ:-<br>ਤ, ਥ, ਦ, ਧ, ਨ ਅੱਖਰਾਂ ਤੋਂ ਸ਼ੁਰੂ ਹੋਣ ਵਾਲੇ ਮੁਹਾਵਰਿਆਂ ਦੀ ਵਾਕਾਂ ਵਿੱਚ ਵਰਤੋਂ। | ਰੋਜ਼ਾਨਾ ਜੀਵਨ ਵਿੱਚ ਮੁਹਾਵਰਿਆਂ ਦੀ ਵਰਤੋਂ ਦੀ ਸਮਰੱਥਾ ਪੈਦਾ ਕਰਨਾ। | ਮੁਹਾਵਰਿਆਂ ਦੇ ਹੋਰ ਵੱਖ-ਵੱਖ ਵਾਕ ਬਣਵਾਉਣਾ। |
| | ਵਿਸ਼ਰਾਮ ਚਿੰਨ੍ਹ:-<br>ਦੋ ਨਿੱਕੇ ਪਹਿਰਿਆਂ ਵਿੱਚ ਵਰਤੋਂ ਦਾ ਅਭਿਆਸ | ਵਿਦਿਆਰਥੀਆਂ ਅੰਦਰ ਵਿਆਕਰਣ ਦੀ ਸੂਝ ਪੈਦਾ ਕਰਦੇ ਹੋਏ ਸ਼ੁੱਧ ਲਿਖਣ ਦੀ ਯੋਗਤਾ ਪੈਦਾ ਕਰਨਾ। | ਵੱਖ-ਵੱਖ ਵਾਕ ਦੇ ਕੇ ਵਿਸ਼ਰਾਮ ਚਿੰਨ੍ਹਾਂ ਦਾ ਅਭਿਆਸ ਕਰਵਾਉਣਾ। |
| | ਵਿਆਕਰਨ:-<br>ਕਿਰਿਆ ਵਿਸ਼ੇਸ਼ਣ ਪਰਿਭਾਸ਼ਾ ਅਤੇ ਕਿਸਮਾਂ ਉਦਾਹਰਨਾਂ ਸਮੇਤ, ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ | ਸ਼ੁੱਧ ਭਾਸ਼ਾ ਲਿਖਣ ਅਤੇ ਬੋਲਣ ਲਈ ਵਿਆਕਰਣਿਕ ਨਿਯਮਾਂ ਦੀ ਸਹੀ ਵਰਤੋਂ ਦੇ ਯੋਗ ਬਣਾਉਣਾ। | ਸ਼ਬਦਾਂ ਦੇ ਸੁਮੇਲ ਤੋਂ ਨਿੱਕੇ-ਨਿੱਕੇ ਵਾਕਾਂ ਦੀ ਰਚਨਾ ਦਾ ਅਭਿਆਸ ਕਰਵਾਉਣਾ। |
| ਜਨਵਰੀ | ਲੇਖ:-<br>(1) ਲੋਹੜੀ<br>(2) ਗਣਤੰਤਰ ਦਿਵਸ<br>(3) ਨਸ਼ਾ ਨਾਸ਼ ਕਰਦਾ ਹੈ<br>(4) ਊਰਜਾ ਦੀ ਬੱਚਤ | ਵਿਦਿਆਰਥੀਆਂ ਨੂੰ ਆਪਣੇ ਅਨੁਭਵਾਂ ਨੂੰ ਸ਼ਬਦਾਂ ਵਿੱਚ ਬਿਆਨ ਕਰਨ ਦੇ ਯੋਗ ਬਣਾਉਣਾ। | ਵਿਦਿਆਰਥੀਆਂ ਨੂੰ ਮਿਲਦੇ-ਜੁਲਦੇ ਹੋਰ ਵਿਸ਼ਿਆਂ ਤੇ ਲੇਖ ਲਿਖਣ ਲਈ ਪ੍ਰੇਰਿਤ ਕਰਨਾ। |
| | ਪੱਤਰ/ਬਿਨੈ-ਪੱਤਰ:-<br>(1) ਨਗਰਪਾਲਿਕਾ ਦੇ ਪ੍ਰਧਾਨ ਨੂੰ ਸ਼ਹਿਰ ਵਿੱਚ ਸਫ਼ਾਈ ਪ੍ਰਬੰਧਾਂ ਸੰਬੰਧੀ ਪੱਤਰ।<br>(2) ਆਚਰਣ ਸਰਟੀਫਿਕੇਟ ਲੈਣ | ਰੋਜ਼ਾਨਾ ਜ਼ਿੰਦਗੀ ਵਿੱਚ ਪੱਤਰ ਲਿਖਣ ਦੇ ਯੋਗ ਬਣਾਉਣਾ। | ਹੋਰ ਵਿਸ਼ਿਆਂ ਦੇ ਨਾਲ ਸੰਬੰਧਿਤ ਪੱਤਰ ਲਿਖਣ ਦਾ ਅਭਿਆਸ ਕਰਨ ਲਈ ਕਹਿਣਾ। |

| | | | |
|---|---|---|---|
| | ਲਈ ਸਕੂਲ ਮੁਖੀ ਨੂੰ ਪੱਤਰ।<br>(3) ਲਾਇਬਰੇਰੀ ਨੂੰ ਸੁਚਾਰੂ ਢੰਗ ਨਾਲ ਚਲਾਉਣ ਅਤੇ ਨਵੇਂ ਮੈਗਜ਼ੀਨ ਮੰਗਵਾਉਣ ਲਈ ਮੁੱਖ ਅਧਿਆਪਕ/ਪ੍ਰਿੰਸੀਪਲ ਨੂੰ ਅਰਜੀ। | | |
| | ਮੁਹਾਵਰੇਃ-<br>ਨ, ਪ, ਫ ਅੱਖਰਾਂ ਤੋਂ ਬ, ਭ, ਮ | ਰੋਜ਼ਾਨਾ ਜੀਵਨ ਵਿੱਚ ਮੁਹਾਵਰਿਆਂ ਦੀ ਵਰਤੋਂ ਦੀ ਸਮਰੱਥਾ ਪੈਦਾ ਕਰਨਾ। | ਮੁਹਾਵਰਿਆਂ ਦੇ ਹੋਰ ਵੱਖ-ਵੱਖ ਵਾਕ ਬਣਵਾਉਣਾ। |
| | ਵਿਆਕਰਨਃ-<br>ਸੰਬੰਧਕ ਅਤੇ ਯੋਜਕ ਦੀ ਪਰਿਭਾਸ਼ਾ, ਉਦਾਹਰਨਾਂ ਅਤੇ ਵਾਕਾਂ ਵਿੱਚ ਪਹਿਚਾਣ ਕਰਨਾ ਵਿਰੋਧਾਰਥਕ ਸ਼ਬਦ। | ਸ਼ੁੱਧ ਭਾਸ਼ਾ ਲਿਖਣ ਅਤੇ ਬੋਲਣ ਲਈ ਵਿਆਕਰਣਿਕ ਨਿਯਮਾਂ ਦੀ ਸਹੀ ਵਰਤੋਂ ਦੇ ਯੋਗ ਬਣਾਉਣਾ। | ਵਿਦਿਆਰਥੀਆਂ ਤੋਂ ਵਾਕਾਂ ਵਿੱਚੋਂ ਸਬੰਧਕ ਅਤੇ ਯੋਜਕ ਦੀ ਪਹਿਚਾਣ ਦਾ ਅਭਿਆਸ ਕਰਵਾਉਣਾ। |
| ਫਰਵਰੀ | ਲੇਖਃ-<br>(1) ਬਸੰਤ ਰੁੱਤ<br>(2) ਮਹਿੰਗਾਈ | ਵਿਦਿਆਰਥੀਆਂ ਨੂੰ ਆਪਣੇ ਅਨੁਭਵਾਂ ਨੂੰ ਸ਼ਬਦਾਂ ਵਿੱਚ ਬਿਆਨ ਕਰਨ ਦੇ ਯੋਗ ਬਣਾਉਣਾ। | ਵਿਦਿਆਰਥੀਆਂ ਨੂੰ ਮਿਲਦੇ-ਜੁਲਦੇ ਹੋਰ ਵਿਸ਼ਿਆਂ ਤੇ ਲੇਖ ਲਿਖਣ ਲਈ ਪ੍ਰੇਰਿਤ ਕਰਨਾ। |
| | ਪੱਤਰਃ-<br>ਕਿਸੇ ਇਲੈਕਟ੍ਰਾਨੀਕਲ ਕੰਪਨੀ ਦੇ ਮੈਨੇਜਰ ਨੂੰ ਨਵੇਂ ਖਰੀਦੇ ਕੰਪਿਊਟਰ ਨੂੰ ਬਦਲਣ ਸੰਬੰਧੀ। | ਰੋਜ਼ਾਨਾ ਜ਼ਿੰਦਗੀ ਵਿੱਚ ਪੱਤਰ ਲਿਖਣ ਦੇ ਯੋਗ ਬਣਾਉਣਾ। | ਹੋਰ ਵਿਸ਼ਿਆਂ ਦੇ ਨਾਲ ਸੰਬੰਧਿਤ ਪੱਤਰ ਲਿਖਣ ਦਾ ਅਭਿਆਸ ਕਰਨ ਲਈ ਕਹਿਣਾ। |
| | ਸੰਖੇਪ ਰਚਨਾਃ-<br>ਦੋ ਪਹਿਰਿਆਂ ਦਾ ਅਭਿਆਸ | ਵਿਦਿਆਰਥੀਆਂ ਵਿੱਚ ਸੰਖੇਪਤਾ ਦਾ ਗੁਣ ਪੈਦਾ ਕਰਨਾ। | ਕਿਸੇ ਰਚਨਾ ਨੂੰ ਸੰਖੇਪ ਵਿੱਚ ਲਿਖਣ ਅਤੇ ਬੋਲਣ ਲਈ ਪ੍ਰੇਰਿਤ ਕਰਨਾ। |
| | ਮੁਹਾਵਰੇਃ-<br>ਰ, ਲ ਅਤੇ 'ਵ' ਅੱਖਰਾਂ ਤੋਂ ਸ਼ੁਰੂ ਹੋਣ ਵਾਲੇ ਮੁਹਾਵਰਿਆਂ ਦੀ ਦੁਹਰਾਈ | ਰੋਜ਼ਾਨਾ ਜੀਵਨ ਵਿੱਚ ਮੁਹਾਵਰਿਆਂ ਦੀ ਵਰਤੋਂ ਦੀ ਸਮਰੱਥਾ ਪੈਦਾ ਕਰਨਾ। | ਮੁਹਾਵਰਿਆਂ ਦੇ ਹੋਰ ਵੱਖ-ਵੱਖ ਵਾਕ ਬਣਵਾਉਣਾ। |
| | ਵਿਆਕਰਨਃ-<br>ਵਿਸਮਿਕ ਦੀ ਪਰਿਭਾਸ਼ਾ ਅਤੇ ਕਿਸਮਾਂ ਉਦਾਹਰਨਾਂ ਸਮੇਤ, ਕਾਲ-ਕਿਸਮਾਂ ਅਤੇ ਦਿੱਤੇ ਵਾਕ ਦਾ ਕਾਲ ਬਦਲਣਾ, ਬਹੁ-ਆਰਥਕ ਸ਼ਬਦ। | ਸ਼ੁੱਧ ਭਾਸ਼ਾ ਲਿਖਣ ਅਤੇ ਬੋਲਣ ਲਈ ਵਿਆਕਰਣਿਕ ਨਿਯਮਾਂ ਦੀ ਸਹੀ ਵਰਤੋਂ ਦੇ ਯੋਗ ਬਣਾਉਣਾ। | ਵਿਦਿਆਰਥੀਆਂ ਤੋਂ ਵਾਕਾਂ ਵਿੱਚੋਂ ਸਬੰਧਕ ਅਤੇ ਯੋਜਕ ਦੀ ਪਹਿਚਾਣ ਦਾ ਅਭਿਆਸ ਕਰਵਾਉਣਾ। |